

# ਨੀਲੀਆਂ ਅੱਖਾਂ

–ਮ੍ਰਿਤਯੂੰਜਯ ਅਵਸਥੀ

ਤਣੂ ਦੇ ਦਰੱਖ਼ਤ ਹੇਠਾਂ ਇਸ ਵੇਲੇ ਦੁਨੀਆ ਦਾ ਸਭ ਤੋਂ ਬਹਾਦਰ ਬੰਦਾ ਬੈਠਾ ਹੈ। ਉਮਰ ਮਸਾਂ ਗਿਆਰਾਂ ਕੁ ਸਾਲ ਤੇ ਲਿੱਸਾ ਜਿਹਾ। ਇਹ ਰੁਤਬਾ ਉਹਨੂੰ ਪਿੱਤਰ–ਬਿੱਛੂਆਂ (ਪੱਤਰ, ਪੱਤਾ+ਬਿੱਛੂ) ਕੋਲੋਂ ਮਿਲਿਆ ਏ ਤੇ ਹੁਣ ਉਹ, ਉਨ੍ਹਾਂ ਨੂੰ ਕੁਝ ਸਮਝਾ ਰਿਹਾ ਏ। ਇਹ ਅਨਜਾਣੇ 'ਚ ਹੀ ਵਿਸ਼ਵ ਸਮਰਾਟ ਬਣ ਗਿਆ। ਅਜੇ ਇਹਨੂੰ ਇਸ ਬਾਰੇ ਪਤਾ ਨਹੀਂ। ਇਹ ਵੀ ਨਹੀਂ ਪਤਾ ਕਿ ਇਹਨੇ ਹੁਣੇ–ਹੁਣੇ ਟਾਇਮ ਕੈਪਸੂਲ ਗੱਡਿਆ ਏ, ਜੋ ਭਵਿੱਖ ਵਿਚ ਸਭ ਸਮਿਆਂ ਨੂੰ ਇਕੋ ਵੇਲੇ ਵੇਖਣ ਦੇ ਕੰਮ ਆਵੇਗਾ। ਉਮਰ ਦੂਰਬੀਨ 'ਚ ਇਕੱਠਾ ਕੀਤਾ ਸਭ ਸਮਾਂ ਇਸ ਦਾ ਖਿਡੌਣਾ ਏ। ਇਹ ਲੇਖ ਭਵਿੱਖ 'ਚ ਲਿਖਿਆ ਜਾ ਰਿਹਾ ਏ। "ਉਹ–ਹੁਣ–ਮੈਂ–ਹਾਂ!"

ਸਾਡੀ ਪੈਲੀ 'ਚ ਕੁਝ ਲੋਕ ਕੰਮ ਕਰ ਰਹੇ ਨੇ। ਮੈਨੂੰ ਯਾਦ ਨਹੀਂ ਕੀ ਕੰਮ। ਮੈਂ ਹੌਲੀ–ਹੌਲੀ ਤੁਰਦਾ, ਖੇਡਦਾ ਸਾਡੀ ਪੈਲੀ ਦੇ ਖੱਬੇ ਹੱਥ ਸੰਧੂਆਂ ਦੀ ਪੈਲੀ ਪੁੱਜ ਗਿਆ ਹਾਂ। ਕੰਢੀ ਖੇਤਰ ਹੋਣ ਕਰਕੇ ਖੇਤ ਉੱਚੇ–ਨੀਵੇਂ। ਮੈਂ ਆਪਣੇ ਖੇਤ ਤੋਂ ਦਸ–ਬਾਰਾਂ ਫੁੱਟ ਉੱਚੀ ਜਗ੍ਹਾ 'ਤੇ ਤਣੂ ਦੇ ਦਰੱਖ਼ਤ ਹੇਠਾਂ ਖ਼ੌਰੇ ਕਿਉਂ ਬੈਠ ਜਾਨਾਂ। ਹੋਰ ਦੋਹਾਂ ਤਿੰਨਾਂ ਸਾਲਾਂ ਨੂੰ ਸਾਡੇ ਖੇਤ ਕਰਾਹੇ ਜਾਣਗੇ ਤੇ ਹੋਰ ਨੀਵੇਂ ਹੋ ਜਾਣਗੇ। ਅਗਲੇ ਪੰਜ ਕੁ ਸਾਲਾਂ ਵਿਚ ਸੰਧੂਆਂ ਦੇ ਖੇਤ ਏਨੇ ਕਰਾਹੇ ਜਾਣਗੇ ਕਿ ਸਾਡੇ ਨਾਲੋਂ ਅੱਠ–ਦਸ ਫੁੱਟ ਨੀਵੇਂ ਹੋ ਜਾਣਗੇ। ਸਾਡੀ ਪੈਲੀ ਕਰਾਹੁਣ ਦੀ ਸਤਿਆ ਮੁੱਕ ਜਾਣੀ ਤੇ ਸੰਧੂਆਂ ਜਿੱਤ ਜਾਣਾ।

ਮੈਂ ਆਪਣੇ ਦਸ ਸਾਲ ਦੇ ਜੁਆਕ ਨੂੰ ਪਹਿਲੀ ਵਾਰ ਦੱਸਿਆ ਕਿ ਮੈਨੂੰ ਪਿੱਤਰ–ਬਿੱਛੂਆਂ ਕੋਲੋਂ ਭੈਅ ਆਉਂਦਾ ਸੀ। ਇਹ ਗੱਲ ਹੁਣ ਤਕ ਕਿਸੇ ਨੂੰ ਨਹੀਂ ਸੀ ਪਤਾ। ਇਕ ਤੋਂ ਦਸ ਦੇ ਪੈਮਾਨੇ 'ਤੇ ਜੇ ਇਕ ਡਰ ਦੀ ਅਣਹੋਂਦ ਹੋਵੇ ਤੇ ਦਸ ਅੰਤਾਂ ਦਾ ਭੈਅ, ਮੈਂ ਅੱਠ ਕੁ ਦਾ ਅਨੁਭਵ ਰੱਖਦਾਂ। ਇਸ ਤੋਂ ਬਿਨਾਂ ਮੈਂ ਕਿਸੇ ਸ਼ੈਅ ਤੋਂ ਕਦੀ ਨਾ ਡਰਿਆ। ਮੇਰਾ ਜੁਆਕ ਜੀਵਾਂ ਨੂੰ ਬਹੁਤ ਲਾਡ ਲਾਉਂਦਾ ਏ, ਉਸ ਨੂੰ ਭੋਲੇ ਅਰ ਬੇਵਕੂਫ਼ ਕੁੜਤੇ ਬਹੁਤ ਚੰਗੇ ਲੱਗਦੇ ਹਨ। ਕਹਿਣ ਲੱਗਿਆ, "ਕੈਟਰਪਿੱਲਰ ?" ਇਹੀ ਤਾਂ ਫ਼ਰਕ ਏ ਪੁੱਤਰਾ! ਅੰਗਰੇਜ਼ੀ ਵਾਲੀ ਕਿਸੇ ਚੀਜ਼ ਜਾਂ ਜੀਵ ਤੋਂ ਡਰ ਨਹੀਂ ਲੱਗਦਾ। ਪੱਤਰ–ਬਿੱਛੂ ਭਾਈ ਕਾਹਨ ਸਿੰਘ ਜੀ ਤੋਂ ਵੀ ਨਾ ਫੜ ਹੋਏ, ਨੱਸ ਨਿਕਲੇ। ਹੁਣ ਕਿਸ ਨੂੰ ਆਖਾਂ ਮੁਸ਼ਕਿਲ ਕੀ ਏ ਮੇਰੀ ? ਜੁਆਕ ਨੂੰ ਦੱਸ ਰਿਹਾਂ, ਤੁਸੀਂ ਵੀ ਸੁਣੋ। ਇਹ ਮੇਰੀ ਜਾਚੇ ਕੁਦਰਤ ਦੀ ਕਾਰੀਗਰੀ 'ਚ ਸਭ ਤੋਂ ਸਫ਼ਲ ਅਰ ਸੁਹਣਾ ਜੀਵ ਏ। ਭੱਬੂ–ਕੁੱਤੇ ਤੋਂ ਲੰਮਾ ਤੇ ਰੰਗਾਂ ਦੀ ਕਲਾਕਾਰੀ ਦਾ ਬੇਜੋੜ ਨਮੂਨਾ। ਦਿੱਲੀ ਵਾਲੇ ਵੀ ਬਹੁਤੇ ਸਿਆਣੇ ਨਾ ਨਿਕਲੇ। ਮੈਂ ਗਿਆਰਾਂ ਸਾਲ ਦੀ ਉਮਰ ਵਿਚ ਕਦੀ ਮੋਰ ਨਹੀਂ ਸੀ ਵੇਖਿਆ। ਕਿਤਾਬਾਂ 'ਚ ਵੇਖ ਤੇ ਪੜ੍ਹ ਕੇ ਸੋਚਦਾ ਸਾਂ ਕਿ ਮੋਰ ਕਿਉਂ ਚੁਣਿਆ, ਮੈਂ ਹੁੰਦਾ ਤਾਂ ਪੱਤਰ–ਬਿੱਛੂ ਨੂੰ ਕੌਮੀ ਜੀਵ ਕਹਿੰਦਾ। ਉਨ੍ਹਾਂ ਸ਼ੇਰ ਵੀ ਨਾਲ ਜੋੜਿਆ। ਫਿਰ ਜਾ ਕੇ ਕਹਿੰਦੇ ਗੱਲ ਬਣੀ। ਮੇਰੇ ਤਾਈਂ ਤਾਂ

ਨਹੀਂ ਬਣੀ, ਪੱਤਰ-ਬਿੱਛੂ ਕੱਲਾ ਹੀ ਬਹੁਤ ਸੀ। ਤਣੂ ਦੇ ਦਰਖ਼ਤ ਹੇਠਾਂ ਸਾਡੇ ਸੱਜੇ ਦਰਬਾਰ ਤੋਂ ਪੱਛਮ ਵਾਲੇ ਪਾਸੇ ਦਸ ਕੁ ਹੋਰ ਸਾਲ ਬਾਅਦ।

ਬਰਸਣ (ਬਰਸੀਮ) ਸ਼ਾਮਾਂ ਨੂੰ ਵੱਢੀਦਾ ਜਦੋਂ ਧੁੱਪ ਕੁਝ ਢਲ ਜਾਵੇ। ਪਰ ਅੱਜ ਕੱਲ੍ਹ ਮੈਂ ਸਿਖ਼ਰ ਦੁਪਹਿਰੇ ਪੱਠੇ ਵੱਢਣ ਦਾ ਕੰਮ ਮੁਕਾ ਲੈਂਦਾ। ਬਰਸੀਮ ਦੀ ਖਿੱਤੀ ਸੰਧੂਆਂ ਦੀ ਪੈਲੀ ਦੇ ਨਾਲ ਹੀ ਏ (ਹੁਣ ਉਨ੍ਹਾਂ ਦੀ ਪੈਲੀ ਸਾਥੋਂ ਵੀ ਹਲੀਮ ਏ। ਪਰ ਤਣੂ ਓਸ ਜਗ੍ਹਾ ਏ, ਟਿੱਲੇ 'ਤੇ ਖੜ੍ਹਾ)। ਸਾਡੀ ਅਤੇ ਸੰਧੂਆਂ ਦੀ ਪੈਲੀ ਵਿਚਾਲੇ ਟਰੈਕਟਰ ਲੰਘਣ ਤਾਈਂ ਪੈਹਾ ਏ। ਤਕਰਬੀਨ ਢਾਈ ਵਜੇ, ਪਤਾ ਨਹੀਂ ਕਿੱਥੇ ਗਈ, ਉਸ ਕੁੜੀ ਨੇ ਇਥੋਂ ਲੰਘਣਾ ਏ। ਸੁਥ੍ਹਾ ਇਹ ਮੇਰੇ ਘਰ ਅੱਗੋਂ ਲੰਘਦੀ ਏ, ਲੰਘ ਗਈ ਮੁੜ ਰਤਾ ਪਰਤ ਕੇ ਮੇਰੇ ਵੇਖਣ ਨੂੰ ਵੇਖਦੀ ਏ...ਤੇ ਮੁੜ ਨਹੀਂ ਵੇਖਦੀ। ਵਾਪਸੀ 'ਤੇ ਇਹ ਨਿੱਕਾ ਰਸਤਾ ਲੈਂਦੀ ਸਾਡੇ ਪਿੰਡ ਪਿੱਛੋਂ ਪੈਲੀਆਂ 'ਚੋਂ ਲੰਘ ਜਾਂਦੀ, ਜਿਥੇ ਇਹਨੂੰ ਪਤਾ ਨਹੀਂ ਪੱਤਰ-ਬਿੱਛੂ ਮੈਨੂੰ ਜਾਣਦੇ ਨੇ। ਇਸ ਕੁੜੀ ਨੂੰ ਮੈਂ ਓਦੋਂ ਵੇਖਿਆ ਸੀ, ਜਦੋਂ ਗੁਪਤਾ ਮਾਸਟਰ ਸਾਡੇ ਸਕੂਲ ਲੱਗਿਆ ਸੀ, ਯਾਨਿ ਅੱਜ ਬਰਸੀਮ ਵੱਢਣ ਤੋਂ ਬਾਰਾਂ ਕੁ ਸਾਲ ਪਹਿਲਾਂ। ਇਹ ਨੇੜਲੇ ਪਿੰਡ ਤੋਂ ਪਹਿਲੀ ਜਮਾਤ 'ਚ ਦਾਖ਼ਲ ਹੋਈ ਸੀ ਤੇ ਇਹਦੀਆਂ ਅੱਖਾਂ ਨੀਲੀਆਂ ਸਨ; ਜਿਸ ਵੱਲ ਮੇਰਾ ਤੇ ਗੋਲਡੀ ਦਾ ਧਿਆਨ ਗਿਆ। ਅਸੀਂ ਫਿਰ ਸਿਰ ਜੋੜ ਕੇ ਸਲਾਹਾਂ ਕੀਤੀਆਂ। ਪਰ ਗੋਲਡੀ ਦੀ ਖੋਜ-ਖ਼ਬਰ ਮੁਤਾਬਿਕ ਇਸ ਨਾਲ ਗੱਲ ਕਰਨ 'ਤੇ ਇਸ ਦੇ ਭਰਾ ਕੰਧ ਜਾਂ ਸੜਕ ਨਾਲ ਸਿਰ ਮਾਰ ਆਪਣਾ ਹੀ ਸਿਰ ਪਾੜ ਲੈਂਦੇ ਨੇ। ਫਿਰ ਅਸੀਂ ਇਸ ਦੇ ਭਰਾਵਾਂ ਦੇ ਕਾਇਲ ਹੋ ਗਏ ਤੇ ਕਦੇ ਗੱਲ ਨਾ ਕਰੀ।

ਹੁਣ ਬਾਰਾਂ ਸਾਲਾਂ ਬਾਅਦ ਭਰਾਵਾਂ ਦਾ ਧਿਆਨ ਨਹੀਂ, ਗੱਲ ਕੀਤੀ ਜਾ ਸਕਦੀ ਏ। ਮੈਂ ਉਸ ਨੂੰ ਦੂਰੋਂ ਆਉਂਦੀ ਨੂੰ ਵੇਖ ਲਿਆ। ਦਾਤਰੀ ਮਸਾਂ ਹੱਥ 'ਚ ਵੱਜਣੋਂ ਬਚੀ। ਗੋਡਿਆਂ ਨੇ ਜੁਆਬ ਦੇ ਦਿੱਤਾ ਤੇ ਗੁਰੂਤਾ-ਬੱਲ ਲੱਖਾਂ ਗੁਣਾ ਵਧ ਗਿਆ। ਮੈਂ ਪੈਰਾਂ ਹੇਠਲੀ ਮਿੱਟੀ ਨਾਲ ਚਿੰਬੜ ਚੁੱਕਿਆ ਸਾਂ ਤੇ ਦਾਤਰੀ ਮੇਰੇ ਹੱਥ ਨਾਲ। ਉਹ ਜਿਵੇਂ ਪੱਤੇ ਵਾਂਙ ਹਵਾ ਨਾਲ ਰੁਮਕਦੀ ਆ ਰਹੀ ਸੀ। ਧਰਤੀ ਮੈਨੂੰ ਛੱਡ ਨਹੀਂ ਸੀ ਰਹੀ, ਹਵਾ ਉਸ ਦਾ ਸਾਥ ਦੇ ਰਹੀ ਸੀ। ਮੈਂ ਬਾਗ਼ੀ ਹੋ ਕੇ ਪੂਰਾ ਜ਼ੋਰ ਲਾ ਉੱਠ ਖੜ੍ਹਿਆ। ਸਿਰ ਨੂੰ ਭੁਆਂਟਣੀ ਆਈ ਤੇ ਮੈਂ ਡਿੱਗਣੋਂ ਮਸਾਂ ਬਚਿਆ। ਦਾਤਰੀ ਹੱਥ ਨਾਲ ਇਕ-ਮਿਕ ਹੋ ਗਈ ਸੀ, ਮੁੱਠ ਨਹੀਂ ਸੀ ਖੁੱਲ੍ਹਦੀ। ਗੋਲਡੀ ਚਿਰਾਂ ਤੋਂ ਪਿੰਡ ਛੱਡ ਕੇ ਜੰਮੂ ਤੁਰ ਗਿਆ ਏ ਪਰ ਅੱਜ ਜਿਵੇਂ ਮੈਨੂੰ ਧਰੀਕ ਕੇ ਪਹੇ ਤਕ ਲੈ ਗਿਆ। ਮੈਂ ਰਸਤੇ ਦੇ ਐਨ ਵਿਚਕਾਰ ਖਲੋ ਗਿਆ। ਸਿਰ ਘੁੰਮ ਰਿਹਾ ਸੀ ਤੇ ਛਾਤੀ ਹੁਣ ਫਟੀ ਕਿ ਹੁਣ। ਧੱਕ-ਧੱਕ ਮੇਰੇ ਕੰਨ ਫਾੜ ਰਹੀ ਸੀ ਤੇ ਮੈਨੂੰ ਕੁਝ ਵੀ ਸਾਫ਼ ਨਜ਼ਰ ਨਹੀਂ ਸੀ ਆ ਰਿਹਾ। ਮੈਨੂੰ ਕੁਝ ਵੀ ਚੰਗੀ ਤਰ੍ਹਾਂ ਯਾਦ ਨਹੀਂ ਕੀ ਹੋਇਆ। ਅਕਸਰ ਨਿੱਕੇ-ਨਿੱਕੇ ਦ੍ਰਿਸ਼ਾਂ ਨੂੰ ਜੋੜ ਕੇ ਤਸਵੀਰ ਬਣਾਉਣ ਦਾ ਯਤਨ ਕਰਦਾਂ, ਬਣ ਵੀ ਜਾਂਦੀ ਏ ਪਰ ਚੇਤੇ ਦਾ ਯਕੀਨ ਨਹੀਂ। ਉਸ ਦੀਆਂ ਅੱਖਾਂ ਅਜੇ ਵੀ ਓਨੀਆਂ ਹੀ ਨੀਲੀਆਂ ਸਨ ਤੇ ਉਹ ਬਹੁਤ ਹੌਲੀ ਤੁਰਦੀ ਸੀ, ਜਿਵੇਂ ਕਿਤੇ ਨਾ ਜਾਣਾ ਹੋਵੇ। ਬਸ ਇੰਨਾ ਯਾਦ ਏ ਕਿ ਮੈਂ ਅੱਕ ਸੁਰ 'ਚ ਉਹਨੂੰ ਕਿਹਾ ਸੀ ਕਿ ਤੈਨੂੰ ਕੁਝ ਸਮਝ ਹੀ ਨਹੀਂ ਆਉਂਦੀ ਜਾਂ ਤੂੰ ਸਮਝਣਾ ਨਹੀਂ ਚਾਹੁੰਦੀ? ਅੱਗੋਂ ਉਹਨੇ 'ਸੋਚ ਕੇ ਦੱਸਾਂਗੀ' ਵਰਗਾ ਕੁਝ ਕਿਹਾ ਸੀ। ਇਥੇ ਰੀਲ ਮੁੱਕ ਜਾਂਦੀ ਏ, ਜਿਸ ਨੂੰ ਇਹ ਨੀਲੀਆਂ ਅੱਖਾਂ ਵਾਲੀ ਹੁਣ ਤੋਂ ਸਤਾਰਾਂ ਵਰ੍ਹਿਆਂ ਬਾਅਦ ਸੋਚ ਕੇ ਦੱਸਦਿਆਂ ਗੰਢੇਗੀ। ਇਹ ਗੱਲ ਓਦੋਂ ਨਾ ਉਹ ਜਾਣਦੀ ਏ, ਨਾ ਮੈਂ।


ਹੁਣ ਬਾਰਾਂ ਸਾਲਾਂ ਬਾਅਦ ਭਰਾਵਾਂ ਦਾ ਧਿਆਨ ਨਹੀਂ, ਗੱਲ ਕੀਤੀ ਜਾ ਸਕਦੀ ਏ। ਮੈਂ ਉਸ ਨੂੰ ਦੂਰੋਂ ਆਉਂਦੀ ਨੂੰ ਵੇਖ ਲਿਆ। ਦਾਤਰੀ ਮਸਾਂ ਹੱਥ 'ਚ ਵੱਜਣੋਂ ਬਚੀ। ਗੋਡਿਆਂ ਨੇ ਜੁਆਬ ਦੇ ਦਿੱਤਾ ਤੇ ਗੁਰੂਤਾ-ਬੱਲ ਲੱਖਾਂ ਗੁਣਾ ਵਧ ਗਿਆ। ਮੈਂ ਪੈਰਾਂ ਹੇਠਲੀ ਮਿੱਟੀ ਨਾਲ ਚਿੰਬੜ ਚੁੱਕਿਆ ਸਾਂ ਤੇ ਦਾਤਰੀ ਮੇਰੇ ਹੱਥ ਨਾਲ। ਉਹ ਜਿਵੇਂ ਪੱਤੇ ਵਾਂਙ ਹਵਾ ਨਾਲ ਰੁਮਕਦੀ ਆ ਰਹੀ ਸੀ।


ਕੁੜਤੇ ਵੀ ਸੋਹਣੇ ਹੁੰਦੇ ਨੇ ਪਰ ਰਹੱਸਮਈ ਨਹੀਂ। ਉਹ ਦਬਾ ਸੱਟ ਦਿਸ਼ਾਹੀਣ ਨੱਸਦੇ ਮੂਰਖ ਲੱਗਦੇ ਨੇ, ਪਿਆਰੇ ਵੀ। ਪਿੱਤਰ ਪੱਤਰ ਦੇ ਵਿਗਾੜ ਤੋਂ ਬਣਿਆ ਏ ਤੇ ਬਿੱਛੂ ਉਸ ਦੀ ਸੰਭਾਵਿਤ ਪ੍ਰਕਿਰਤੀ ਤੋਂ, ਯਾਨਿ ਜ਼ਹਿਰੀਲਾ ਡੰਗ ਮਾਰਨਾ। ਕੁੜਤੇ ਲੜਦੇ ਨਹੀਂ, ਫਿਰ ਜਾਂਦੇ ਨੇ ਤੇ ਉਸ ਥਾਂ ਖਾਜ ਹੁੰਦੀ ਏ। ਇਹ ਗੱਲ ਵੀ ਇਨ੍ਹਾਂ ਨੂੰ ਖ਼ਤਰਨਾਕ ਦੀ ਥਾਂ ਹਸਾਉਣਾ ਜੀਵ ਹੀ ਬਣਾਉਂਦੀ ਏ। ਪਿੱਤਰ-ਬਿੱਛੂ ਆਪਣੇ ਨਾਓਂ ਸੰਗਿਆ, ਵਰਣਨ, ਵਿਸ਼ੇਸ਼ਣ ਨੂੰ ਜਾਣਦਿਆਂ ਅਡੋਲ ਬੈਠੇ ਰਹਿੰਦੇ ਨੇ। ਇਹ ਗੱਲ ਡਰਾਉਣੀ ਏ। ਨਿਹਾਇਤ ਖ਼ੂਬਸੂਰਤ, ਜ਼ਹਿਰੀਲਾ ਅਰ ਸੰਜਮੀ। ਪੈਲੀ 'ਚ ਵੜਦਿਆਂ ਪਹਿਲੀ ਖੱਤੀ ਵਿਚ ਸਰ੍ਹੋਂ ਬੀਜੀ ਹੁੰਦੀ। ਇਕ ਜਣੇ ਦੇ ਲੰਘਣ ਜਿੰਨਾ ਰਸਤਾ, ਦੋਹਾਂ ਪਾਸੇ ਸਰ੍ਹੋਂ ਦੇ ਫੁੱਲ-ਫਲੀਆਂ ਨਾਲ ਲੱਦੇ ਪੌਦੇ ਸਿਰ ਜੋੜੀ ਬੈਠੇ ਨੇ ਅਰ ਇਕ ਇਕ ਪੌਦੇ 'ਤੇ ਸੈਆਂ ਪਿੱਤਰ-ਬਿੱਛੂ ਸਿਰ ਹੇਠਾਂ ਸੁੱਟੀ ਬੈਠੇ। ਦ੍ਰਿਸ਼ ਅਹਿੱਲ ਏ, ਪਰ ਜੀਵੰਤ! ਇਨ੍ਹਾਂ ਦੇ ਪਿੰਡੇ 'ਤੇ ਬੇਹੱਦ ਚੁਸਤ ਬਣਤ ਏ। ਚਟਕ ਤੇ ਮਾਕੂਲ ਰੰਗ, ਸੰਵਰੇ ਖੜ੍ਹੇ ਵਾਲ ਤੇ ਹਰ ਰੇਖਾ-ਆਕਾਰ ਬੇਹੱਦ ਸਾਫ਼, ਸੁਚੱਜਾ। ਅੰਦਰ

ਹਰੇ ਰੰਗ ਦਾ ਤਰਲ ਭਰਿਆ ਤੇ ਡੰਗ ਜ਼ਹਿਰੀਲਾ (ਜਿਵੇਂ ਮੈਂ ਜਾਨਿਆ)। ਇਹ ਕਿਸੇ ਵੱਲ ਧੌਣ ਜਾਂ ਅੱਖਾਂ ਚੁੱਕ ਕੇ ਵੇਖਦੇ ਵੀ ਨਹੀਂ। ਅਡੋਲ ਪੱਤੇ ਤੇ ਫੁੱਲਾਂ 'ਤੇ ਬੈਠੇ ਪਤਾ ਨਹੀਂ ਕੀ ਸੋਚਦੇ ਹੋਣੇ। ਮੈਂ ਕਾਹਲਾ ਪੈ ਜਾਂਦਾ, ਇਹ ਡੰਗਦੇ ਕਿਉਂ ਨਹੀਂ। ਮੇਰੇ ਪਿੱਛੇ ਕਿਉਂ ਨਹੀਂ ਨੱਸਦੇ, ਕਦੋਂ ਫੜਨਗੇ ਮੈਨੂੰ, ਕੁਝ ਕਰਨ, ਉਆਰ ਜਾਂ ਪਾਰ। ਜ਼ਰੂਰ ਇਹ ਮੇਰੇ ਬਾਰੇ ਜਾਂ ਜੀਵਨ ਬਾਰੇ ਕੁਝ ਅਜਿਹਾ ਜਾਣਦੇ ਨੇ, ਜੋ ਮੈਨੂੰ ਨਹੀਂ ਪਤਾ। ਇਹ ਮਨ ਹੀ ਮਨ ਮੇਰੇ 'ਤੇ ਹੱਸਦੇ ਹੋਏ ਤੇ ਸੱਚੀਂ ਹੱਸਣਾ ਜ਼ਰੂਰੀ ਨਹੀਂ ਸਮਝਦੇ। ਮੈਨੂੰ ਹਮੇਸ਼ਾ ਲੱਗਦਾ ਰਿਹਾ ਹਸ਼ਰ ਦਾ ਦਿਨ ਆ ਗਿਆ ਏ ਪਰ ਇਨ੍ਹਾਂ ਦਾ ਸੰਜਮ ਸੱਚਮੁੱਚ ਅਦੁਭਤ ਸੀ। ਉਹ ਹੁਣ ਪੈਂਤੀ ਵਰ੍ਹਿਆਂ ਬਾਅਦ ਵੀ ਉਂਵ ਹੀ ਪੱਤੇ 'ਤੇ ਬੈਠੇ ਨੇ ਜਿਵੇਂ ਮੈਂ ਕੱਲ੍ਹ ਦਾ ਜੁਆਕ ਹੋਵਾਂ, ਉਨ੍ਹਾਂ ਦੀ ਹਰਕਤ ਦੇ ਯੋਗ ਅਜੇ ਨਹੀਂ, ਸੋਚ ਕੇ ਦੱਸਣਗੇ ਜਾਂ ਉਨ੍ਹਾਂ ਨੂੰ ਸਭ ਪਤਾ ਸੀ, ਮੈਨੂੰ ਹੁਣ ਲੱਗ ਰਿਹੈ।

ਉਸ ਦਿਨ ਦੀ ਯਾਦ ਵੀ ਟਾਕੀਆਂ ਨਾਲ ਜੜੀ ਏ, ਪੂਰੀ ਨਹੀਂ, ਬਹੁਤਾ ਨੰਗ-ਬਣਤਰ ਏ। ਕੁਝ ਲੋਕ ਸਾਡੇ ਖੇਤ 'ਚ ਕੰਮ ਕਰ ਰਹੇ ਨੇ, ਖੌਰੇ ਛੱਲੀਆਂ ਤੋੜ ਰਹੇ ਨੇ। ਮੈਂ ਹੌਲੀ-ਹੌਲੀ ਤੁਰਦਾ ਉਨ੍ਹਾਂ ਤੋਂ ਕੁਝ ਦੂਰ ਸੰਧੂਆਂ ਦੀ ਪੈਲੀ 'ਚ ਤਣੂ ਹੇਠ ਪੁੱਜ ਗਿਆ, ਕਿੰਜ ਕਰ, ਯਾਦ ਨਹੀਂ। ਤਣੂ ਹੇਠਾਂ ਹਜ਼ਾਰਾਂ ਪਿੱਤਰ-ਬਿੱਛੂ ਨੇ। ਦਰਖ਼ਤ ਦੀ ਛਿੱਲ ਇਨ੍ਹਾਂ ਨਾਲ ਜੜੀ ਏ ਤੇ ਜ਼ਮੀਨ 'ਤੇ ਇਹ ਅਹਿੱਲ ਬੈਠੇ ਨੇ। ਮੈਂ ਜ਼ਰੂਰ ਕਿਸੇ ਕਹਾਣੀ ਅੰਦਰ ਕਿਸੇ ਹੋਰ ਸਮੇਂ 'ਚ ਹੋਣਾ। ਮੈਂ ਮਲਕੜੇ ਜਿਹੇ ਦਰਖ਼ਤ ਨਾਲ ਢੋਹ ਲਾ ਬੈਠ ਗਿਆ, ਆਪਣੀ ਕਹਾਣੀ 'ਚ ਗੜੁੱਚ। ਉਸ ਪਤਾ ਨਹੀਂ ਕੀ ਕਹਾਣੀ 'ਚ ਪਿੱਤਰ ਬਿੱਛੂ ਵੀ ਆਣ ਰਲੇ। ਮੈਂ ਕੋਈ ਨਾਇਕ ਸਾਂ ਤੇ ਇਹ ਗੱਲ ਮੈਨੂੰ ਪਿੱਤਰ ਬਿੱਛੂਆਂ ਆਖੀ। ਮੈਂ ਕੋਈ ਦੋ-ਢਾਈ ਘੰਟੇ ਉਨ੍ਹਾਂ ਨਾਲ ਖੇਡਦਾ ਰਿਹਾ। ਅਸੀਂ ਚੀਕਾਂ ਮਾਰੀਆਂ, ਰੌਲਾ ਪਾਇਆ, ਜ਼ੋਰ-ਜ਼ੋਰ ਨਾਲ ਹੱਸੇ ਤੇ ਦੁਸ਼ਮਣਾਂ ਨੂੰ ਹੋਰ ਅੱਗੇ ਨਾ ਵਧਣ ਦੀ ਤਾੜਨਾ ਦਿੱਤੀ। ਚਾਣਚੱਕ ਕਹਾਣੀ ਖ਼ਤਮ ਹੋਈ ਤੇ ਸਭ ਪਿੱਤਰ ਬਿੱਛੂ ਮੇਰੇ ਵੱਲ ਵੇਖ ਰਹੇ ਸਨ ਤੇ ਮੈਂ ਜਿਵੇਂ ਹੁਣੇ-ਹੁਣੇ ਇਨ੍ਹਾਂ ਨੂੰ ਵੇਖਿਆ ਸੀ। ਦੁਪਹਿਰ ਚੁੱਪ-ਚਾਂ, ਦੂਰ ਛੱਲੀਆਂ ਤੋੜਦੇ ਲੋਕਾਂ ਦੀਆਂ ਆਵਾਜ਼ਾਂ ਦੀ, ਨਿੱਕੀ ਜਿੰਨੀ ਗੂੰ-ਗੂੰ, ਤਣੂ ਦੇ ਦਰਖ਼ਤ ਹੇਠਾਂ ਬੇਸ਼ੁਮਾਰ ਪਿੱਤਰ ਬਿੱਛੂਆਂ ਵਿਚਾਲੇ ਟਿੱਲੇ 'ਤੇ ਬੈਠਾ ਮੈਂ। ਮੈਂ ਹੌਲੀ ਜਿਹੀ ਪਰ ਸਹਿਜ-ਭਾਅ ਉੱਠ ਖਲੋਇਆ ਤੇ ਆਪਣੇ ਖੇਤਾਂ ਨੂੰ ਹੋ ਲਿਆ। ਟਾਈਮ ਕੈਪਸੂਲ ਬੀਜਿਆ ਜਾ ਚੁੱਕਿਆ ਸੀ। ਇਸ ਤਣੂ ਤੋਂ ਕੁਝ ਦੂਰੀ 'ਤੇ ਪਹੇ 'ਚ ਪੰਜਵੀਂ ਵਾਲੀ ਕੁੜੀ ਨੇ ਦਸਾਂ ਕੁ ਸਾਲਾਂ ਬਾਅਦ ਲੰਘਣਾ ਏ, ਵੀਹਾਂ-ਪੰਝੀਆਂ ਸਾਲਾਂ ਨੂੰ ਫ਼ੋਨ ਕਰਕੇ ਆਪਣਾ ਫ਼ੈਸਲਾ ਸੁਣਾਉਣਾ ਏ।


ਤਣੂ ਹੇਠਾਂ ਹਜ਼ਾਰਾਂ ਪਿੱਤਰ-ਬਿੱਛੂ ਨੇ। ਦਰਖ਼ਤ ਦੀ ਛਿੱਲ ਇਨ੍ਹਾਂ ਨਾਲ ਜੜੀ ਏ ਤੇ ਜ਼ਮੀਨ 'ਤੇ ਇਹ ਅਹਿੱਲ ਬੈਠੇ ਨੇ। ਮੈਂ ਜ਼ਰੂਰ ਕਿਸੇ ਕਹਾਣੀ ਅੰਦਰ ਕਿਸੇ ਹੋਰ ਸਮੇਂ 'ਚ ਹੋਣਾ। ਮੈਂ ਮਲਕੜੇ ਜਿਹੇ ਦਰਖ਼ਤ ਨਾਲ ਢੋਹ ਲਾ ਬੈਠ ਗਿਆ, ਆਪਣੀ ਕਹਾਣੀ 'ਚ ਗੜੁੱਚ।ਉਸ ਪਤਾ ਨਹੀਂ ਕੀ ਕਹਾਣੀ 'ਚ ਪਿੱਤਰ ਬਿੱਛੂ ਵੀ ਆਣ ਰਲੇ। ਮੈਂ ਕੋਈ ਨਾਇਕ ਸਾਂ ਤੇ ਇਹ ਗੱਲ ਮੈਨੂੰ ਪਿੱਤਰ ਬਿੱਛੂਆਂ ਆਖੀ।


ਮੇਰਾ ਜੁਆਕ ਹੁਣ ਗਿਆਰਾਂ ਸਾਲਾਂ ਦਾ ਏ। ਨਿੱਕਾ ਹੁੰਦਾ ਕੁੱਤਿਆਂ ਬਿੱਲੀਆਂ ਨੂੰ ਹੱਥ ਲਾਉਂਦਾ ਡਰਦਾ ਸੀ। ਮੈਂ ਇਸ ਨੂੰ ਇਹ ਸਿਖਾਇਆ, ਕੁੱਤਿਆਂ ਦੇ ਸੁਭਾਅ ਦੀਆਂ ਹੋਰ ਬਹੁਤ ਸਾਰੀਆਂ ਗੱਲਾਂ ਦੱਸੀਆਂ। ਹੁਣ ਇਹ ਇਨ੍ਹਾਂ ਨੂੰ ਬਹੁਤ ਲਾਡ ਲਡਾਉਂਦਾ ਏ। ਮੈਂ ਉਸ ਨੂੰ ਪਿੱਤਰ-ਬਿੱਛੂਆਂ ਵਾਲੀ ਗੱਲ ਵੀ ਦੱਸੀ। ਇਕ ਦਿਨ ਉਹ ਸਕੂਲੋਂ ਪਰਤਦਿਆਂ ਇਕ ਪਿੱਤਰ-ਬਿੱਛੂ ਹੱਥ 'ਤੇ ਚੜ੍ਹਾ ਲਿਆਇਆ। ਹੌਲੀ-ਹੌਲੀ ਜਿਹੀ ਹੱਥ ਮੇਰੇ ਹੱਥ ਨਾਲ ਜੋੜਿਆ ਤੇ ਪਿੱਤਰ ਬਿੱਛੂ ਮੇਰੇ ਹੱਥ 'ਤੇ ਸਵਾਰ ਹੋ ਗਿਆ। ਅਸੀਂ ਕੁਝ ਸਮਾਂ ਉਸ ਨਾਲ ਖੇਡੇ ਤੇ ਮੁੜ ਉਸ ਨੂੰ ਕਚੂਰ ਘਾਹ 'ਤੇ ਛੱਡ ਆਏ।

ਦੋ ਕੁ ਸਾਲ ਪਹਿਲਾਂ ਨੀਲੀਆਂ ਅੱਖਾਂ ਦਾ ਫੋਨ ਆਇਆ। ਕਹਿੰਦੀ—ਮੈਂ ਖੁੰਝ ਗਈ ਸਾਂ, ਕੁਝ ਸਮਝ ਨਹੀਂ ਸੀ ਪਈ। ਮੈਂ ਕਿਹਾ—ਕੋਈ ਨੀਂ ਖੁੰਝਦਾ।

ਸੁਹੱਪਣ ਅਰ ਸਹਿਜ ਭੈਅਭੀਤ ਕਰਦੇ ਨੇ। ਮੇਰਾ ਡਰ ਲਹਿ ਗਿਆ ਏ। ਜਦੋਂ ਪਿੰਡ ਜਾਓ ਤਾਂ ਉਸ ਪਹੇ 'ਚੋਂ ਜ਼ਰੂਰ ਲੰਘਿਆ ਕਰੋ। ਪਿੱਤਰ ਬਿੱਛੂ ਸਭ ਜਾਣਦੇ ਨੇ, ਸਭ ਨੂੰ ਜਾਣਦੇ ਨੇ। ਤੁਸੀਂ ਟਾਈਮ ਕੈਪਸੂਲ 'ਚ ਹੋ, ਸੈਰ ਕਰੋ, ਸਭ ਸਮਾਂ ਤੁਹਾਡਾ ਸਮਾਂ ਹੈ। ਕੁਝ ਨਾ ਫੜੋ, ਤਲੀਆਂ ਖੁੱਲ੍ਹੀਆਂ ਰੱਖੋ। ਪਿੱਤਰ-ਬਿੱਛੂਆਂ ਨੂੰ ਸਲੇਟੀ-ਰੰਗੀ ਤਿਤਲੀ ਹੋ ਜਾਣ ਦਿਓ।


ਅਖੇ ਉਡਦਾ ਫਿਰਦਾ ਸੀ ਓਦੋਂ, ਹੁਣ ਬਹੁਤ ਸਿਆਣਾ ਹੋ ਗਿਐਂ...ਕਦੇ ਸਾਨੂੰ ਵੀ ਸਭ ਪਤਾ ਹੁੰਦਾ ਸੀ!

**

ਸਵੈ-ਜੀਵਨੀ ਅੰਸ਼

# ਟੈਲੀਫ਼ੋਨ ਡਿਊਟੀ

-ਜਿੰਦਰ



ਸ਼ਨੀਵਾਰ ਅਤੇ ਐਤਵਾਰ ਨੂੰ ਟੈਲੀਫ਼ੋਨ 'ਤੇ ਵਿਸ਼ੇਸ਼ ਡਿਊਟੀ ਲੱਗਦੀ ਸੀ। ਜੇ ਵਿਚਕਾਰ ਕੋਈ ਗਜ਼ਟਿਡ ਛੁੱਟੀ ਆ ਜਾਂਦੀ ਜਾਂ ਕੋਈ ਦੁਰਘਟਨਾ ਵਾਪਰ ਜਾਂਦੀ ਜਾਂ ਕਿਸੇ ਤਰ੍ਹਾਂ ਦੀ ਐਮਰਜੈਂਸੀ ਪੈ ਜਾਂਦੀ ਜਾਂ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਚੱਲਦਾ ਹੁੰਦਾ ਤਾਂ ਵੀ ਟੈਲੀਫ਼ੋਨ 'ਤੇ ਡਿਊਟੀ ਕਰਨੀ ਪੈਂਦੀ ਸੀ। ਇਸ ਦੇ ਇਵਜ਼ 'ਚ ਛੁੱਟੀ ਮਿਲਦੀ ਸੀ। ਮੇਰੇ ਲਈ ਇਹ ਡਿਊਟੀ ਬੜੀ ਹੀ ਬੋਰਿੰਗ ਹੁੰਦੀ। ਐਵੇਂ ਹੀ ਉੱਲੂਆਂ ਵਾਂਗ ਇਧਰ-ਉਧਰ ਦੇਖਦਿਆਂ ਹੋਇਆਂ ਦਿਨ ਲੰਘਾਉਣਾ ਪੈਂਦਾ। ਜੇ ਸ਼ਨੀਵਾਰ ਹੁੰਦਾ ਤਾਂ ਕੁਝ ਜ਼ਿਆਦਾ ਹੀ ਰੌਣਕ ਹੁੰਦੀ। ਸਾਡੇ ਦਫ਼ਤਰ ਕਰਕੇ ਨਹੀਂ, ਡਾ. ਹਰਭਜਨ ਸਿੰਘ ਯੋਗੀ ਕਰਕੇ। ਇਸ ਦਿਨ ਯੋਗੀ ਜਲੰਧਰ ਆਉਂਦਾ ਸੀ। ਉਸ ਨੂੰ ਮਿਲਣ ਵਾਲੇ ਮਰੀਜ਼ ਆਉਂਦੇ। ਉਪਰਲੇ ਫਲੋਰ 'ਚ ਚਹਿਲ-ਪਹਿਲ ਰਹਿੰਦੀ। ਉਸ ਵੇਟਿੰਗ ਰੂਮ 'ਚ ਟੈਲੀਵਿਜ਼ਨ ਲਾਇਆ ਹੋਇਆ ਸੀ। ਜਦੋਂ ਮੈਂ ਓਵਾਸੀਆਂ ਲੈਣ ਲੱਗਦਾ ਤਾਂ ਉੱਪਰ ਜਾ ਕੇ ਬੈਠ ਜਾਂਦਾ। ਕਈ ਵਾਰ ਮੈਂ ਆਪਣੀ ਡਾਕ ਵੀ ਕੱਢ ਲੈਂਦਾ। ਜੇ ਕੋਈ ਕੰਮ ਪੈਂਡਿੰਗ ਪਿਆ ਹੁੰਦਾ ਤਾਂ ਉਹ ਨਿਬੇੜ ਲੈਂਦਾ। ਮੈਂ ਹਰੇਕ ਕੰਮ ਕਾਹਲੀ-ਕਾਹਲੀ ਕਰਦਾ। ਮੇਰਾ ਕੰਮ ਦੋ ਕੁ ਘੰਟਿਆਂ 'ਚ ਹੀ ਖ਼ਤਮ ਹੋ ਜਾਂਦਾ। ਮੇਰੇ ਨਾਲ ਕਿਸੇ ਨਾ ਕਿਸੇ ਸੇਵਾਦਾਰ ਦੀ ਡਿਊਟੀ ਹੁੰਦੀ। ਫ਼ਜ਼ੂਲ ਬੋਲਣ ਨਾਲੋਂ ਮੈਂ ਚੁੱਪ ਰਹਿਣਾ ਪਸੰਦ ਕਰਦਾ। ਜੇ ਕੋਈ ਨਾ ਹੁੰਦਾ ਤਾਂ ਮੈਂ ਕੋਈ ਨਾ ਕੋਈ ਮੈਗਜ਼ੀਨ ਹੀ ਪੜ੍ਹਨ ਲੱਗ ਜਾਂਦਾ ਪਰ ਮੈਥੋਂ ਇਥੇ ਇਕਾਗਰਤਾ ਨਾਲ ਪੜ੍ਹਿਆ ਨਾ ਜਾਂਦਾ। ਬਾਹਰਲੇ ਪਾਸਿਓਂ ਬੱਸਾਂ ਦੇ ਤੇਜ਼ ਹਾਰਨ ਦੀਆਂ ਆਵਾਜ਼ਾਂ ਡਿਸਟਰਬ ਕਰਦੀਆਂ।

ਕਦੇ-ਕਦੇ ਕਿਸੇ ਡਿਪੂ ਦਾ ਕੋਈ ਕਰਮਚਾਰੀ ਡਾਕ ਲੈ ਕੇ ਆ ਜਾਂਦਾ ਜਾਂ ਲੰਘਦਾ-ਵੜਦਾ ਕੋਈ ਇੰਸਪੈਕਟਰ ਪੌੜੀਆਂ ਚੜ੍ਹ ਆਉਂਦਾ। ਇਕ ਦਿਨ ਮੈਂ ਤੇ ਥਾਪਾ ਮਾਲੀ ਉਸ ਦੇ ਪਰਿਵਾਰ ਦੀਆਂ ਗੱਲਾਂ ਕਰ ਰਹੇ ਸੀ ਕਿ ਇੰਸਪੈਕਟਰ ਗੱਬਰ ਆ ਗਿਆ। ਮੈਂ ਉਸ ਨੂੰ ਪੁੱਛਿਆ, "ਭਾ ਜੀ ਚਾਹ ਮੰਗਵਾਵਾਂ ?"

"ਬਾਬੂ ਜੀ, ਚਾਹ ਤਾਂ ਪੀਣੀ ਆਂ। ਜਾ ਓਏ ਮਾਲੀ ਛੇ ਕੱਪ ਕਹਿ ਕੇ ਆ। ਤਿੰਨ ਜਣੇ ਹੋਰ ਆ, ਬਾਥਰੂਮ ਗਏ ਆ।" ਗੱਬਰ ਨੇ ਮਾਲੀ ਨੂੰ ਕਿਹਾ।

"ਲੈ ਫੜ। ਪੈਸੇ ਦੇ ਆਈਂ।" ਮੈਂ ਪੰਜਾਹਾਂ ਦਾ ਨੋਟ ਮਾਲੀ ਵੱਲ ਕੀਤਾ ਤਾਂ ਉਹ ਬੋਲਿਆ, "ਬਾਬੂ ਜੀ ਰਹਿਣ ਦੇ। ਏਨ੍ਹਾਂ ਲੋਕਾਂ ਨੂੰ ਬਹੁਤ ਕਮਾਈ ਹੁੰਦਾ।" ਮਾਲੀ ਗੜ੍ਹਵਾਲ ਜ਼ਿਲ੍ਹੇ ਦਾ ਸੀ। ਉਹ ਹਿੰਦੀ ਨੂੰ ਪੰਜਾਬੀ 'ਚ ਮਿਲਾ ਕੇ ਬੋਲਦਾ ਸੀ।

"ਟੱਟੂ ਦੀ ਕਮਾਈ ਹੁੰਦੀ ਆ। ਤੂੰ ਸਾਡੀ ਦੁਰਦਸ਼ਾ ਹੁੰਦੀ ਨਹੀਂ ਦੇਖੀ। ਮਾਮਾ ਕਮਾਈ ਦਾ।" ਗੱਬਰ ਨੇ ਮਾਲੀ ਦੀ ਧੌਣ 'ਤੇ ਜ਼ੋਰ ਦੀ ਥੱਪੜ ਮਾਰਦਿਆਂ ਹੋਇਆਂ ਕਿਹਾ। ਮਾਲੀ ਡਰ ਗਿਆ। ਗੱਬਰ ਆਪਣੇ ਨਾਂ ਅਨੁਸਾਰ ਹੀ ਜੁਆਨ ਸੀ। ਸਵਾ ਛੇ ਫੁੱਟ ਕੱਦ। ਭਰਵਾਂ ਸਰੀਰ। ਵੱਡੀਆਂ-ਵੱਡੀਆਂ ਬਾਹਾਂ। ਮਜਬੂਤ ਹੱਥ। ਉਸ ਦੀ ਆਵਾਜ਼ 'ਚ ਗੜਕਾ ਸੀ।

"ਮੈਨੂੰ ਮਾਰਨਾ ਥਾ। ਜ਼ੋਰ ਜਾ ਕਰ ਅਪਨੀ ਘਰਵਾਲੀ ਪੇ ਨਿਕਾਲਨਾ।" ਮਾਲੀ ਨੇ ਪਰ੍ਹਾਂ ਨੂੰ ਖਿਸਕ ਕੇ ਕਿਹਾ।

"ਚੱਲ ਚੱਲ ਜਾਹ ਵੀ ਹੁਣ, ਚਾਹ ਲਿਆ ਕੜਾਕੇਦਾਰ। ਇਕ ਤਾਂ ਇਹਨੂੰ ਗੱਲਾਂ ਸੁਣਨ ਦਾ ਭੁੱਸ ਬੜਾ। ਦੱਸਾਂ ਅੱਡੇ ਵਾਲੀ ਗੱਲ ?" ਗੱਬਰ ਉਹਨੂੰ ਡਰਾਉਣਾ ਚਾਹੁੰਦਾ ਸੀ।

"ਬਤਾ ਦੇ...ਬਤਾ ਦੇ...ਏਹ ਕਿਹੜਾ ਨਵੀਂ ਗੱਲ ਆ।"

"ਸਾਲਿਆ ਮੇਰਿਆ...ਤੂੰ ਅੱਡੇ 'ਤੇ ਜਾ ਕੇ ਪੰਜਾਬਣਾਂ ਦੇਖਦਾਂ। ਲੈ ਬਾਬੂ, ਸੁਣ ਇਹਦੀ ਕਰਤੂਤ। ਠਹਿਰ ਜਾ ਹੁਣ, ਚੱਲਿਆ ਕਿੱਥੇ। ਸੁਣ ਕੇ ਜਾ। ਇਥੋਂ ਤੁਸੀਂ ਇਹਨੂੰ ਕਿਸੇ ਕੰਮ ਲਈ ਭੇਜਦੇ ਆਂ, ਇਹ ਅੱਡੇ 'ਤੇ ਗੇੜਾ ਮਾਰਨ ਚਲਾ ਜਾਂਦਾ। ਇਕ ਦਿਨ ਅੱਡੇ 'ਤੇ ਇਕ ਜ਼ਨਾਨੀ ਨੂੰ ਛੇੜ 'ਤਾ। ਪੁਲਿਸ ਵਾਲੇ ਫੜ ਕੇ ਲੈ ਗਏ। ਅਸੀਂ ਦੂਰ ਖੜ੍ਹੇ ਤਮਾਸ਼ਾ ਦੇਖੀ ਗਏ। ਕਈ ਕੰਡਕਟਰਾਂ ਤੇ ਅੱਡਾ ਇੰਚਾਰਜਾਂ ਨੇ ਸਾਨੂੰ ਇਹਦੇ ਬਾਰੇ ਦੱਸਿਆ ਸੀ ਕਿ ਇਹ ਆਨੀ-ਬਹਾਨੀ ਇਥੇ ਗੇੜੇ ਕੱਢਦਾ ਰਹਿੰਦਾ। ਇਹਦੀ ਆਪਣੀ ਜ਼ਨਾਨੀ ਤਾਂ ਪਹਾੜਾਂ 'ਚ ਬੈਠੀ ਆ। ਇਹਨੂੰ ਠਰਕ ਭੋਰਨ ਦੀ ਆਦਤ ਪੈ ਗਈ ਆ। ਐਵੇਂ ਇਕੱਲੀ ਜ਼ਨਾਨੀ ਦੇਖ ਕੇ ਕੋਲ ਜਾ ਬੈਠਦਾ।...ਮੈਨੂੰ ਤਰਸ ਆ ਗਿਆ। ਸੋਚਿਆ ਸਿਪਾਹੀਆਂ ਨੇ ਇਹਨੂੰ ਰਗੜ ਦੇਣਾ। ਐਵੇਂ ਗ਼ਰੀਬ ਮਾਰਿਆ ਜਾਊ। ਅਸੀਂ ਪੰਜ-ਸੱਤ ਜਣੇ ਐੱਸ.ਐੱਚ.ਓ. ਕੋਲ ਗਏ। ਇਹਨੂੰ ਛੁਡਾ ਕੇ ਲੈ ਆਏ। ਪਰ ਇਹ ਪਿਉ ਦਾ ਪੁੱਤ ਗੇੜੇ ਮਾਰਨੋਂ ਫੇਰ ਵੀ ਨਹੀਂ ਹਟਿਆ। ਦੱਸ ਓਏ ਮੇਰੀ ਗੱਲ ਝੂਠੀ ਆ।"

"ਤੂੰ ਆਪਣੀ ਕੁੱਤੀ ਵਾਲਾ ਬਾਤ ਬਤਾ।" ਮਾਲੀ ਨੇ ਰਤਾ ਨਮੋਸ਼ੀ ਨਹੀਂ ਸੀ ਮੰਨੀ ਸਗੋਂ ਉਹ ਲੱਤ ਉੱਪਰ ਰੱਖਣੀ ਚਾਹੁੰਦਾ ਸੀ।

"ਜਾ ਚਾਹ ਤਾਂ ਲਿਆ ਪਹਿਲਾਂ। ਕੰਡੇਦਾਰ ਬਣਾਈਂ। ਮੇਰਾ ਨਾਂ ਲਈਂ। ਸਾਲਾ ਕੁੱਤੀ ਦਾ...।"

"ਚਾਹ ਹੋਊਗੀ ਕਾਂਟੇਦਾਰ। ਪਹਿਲਾਂ ਬਾਤ ਸੁਨਾ।" ਮਾਲੀ ਗੱਲ ਸੁਣਾਉਣ 'ਤੇ ਅੜ ਗਿਆ ਸੀ।

"ਲਉ ਜੀ ਬਾਬੂ ਜੀ, ਤੁਸੀਂ ਸਾਰੇ ਸੋਚਦੇ ਤੇ ਕਹਿੰਦੇ ਹੁੰਨੇ ਆਂ ਕਿ ਇੰਸਪੈਕਟਰਾਂ ਨੂੰ ਤਾਂ ਮੌਜਾਂ ਹੀ ਮੌਜਾਂ ਪਰ ਜਿੰਨੀ ਸਾਡੀ ਦੁਰਦਸ਼ਾ ਹੁੰਦੀ," ਗੱਬਰ ਨੇ ਕੰਨਾਂ ਨੂੰ ਹੱਥ ਲਾ ਕੇ ਕਿਹਾ, "ਇਹ ਤਾਂ ਅਸੀਂ ਜਾਣਦੇ ਆਂ ਜਾਂ ਸਾਡਾ ਰੱਬ ਜਾਣਦਾ ਆ। ਛੇ ਕੁ ਮਹੀਨਿਆਂ ਦੀ ਗੱਲ ਆ ਕਿ ਮੈਂ ਅਜੇ ਦਫ਼ਤਰ ਆ ਕੇ ਬੈਠਿਆ ਹੀ ਸੀ ਕਿ ਮੈਨੂੰ ਟ੍ਰੈਫ਼ਿਕ ਮੈਨੇਜਰ ਦਾ ਮੈਸਿਜ ਆ ਗਿਆ ਕਿ ਦੋ ਇੰਸਪੈਕਟਰ ਹੁਣੇ ਹੀ ਚੰਡੀਗੜ੍ਹ ਚਲੇ ਜਾਉ। ਸੈਕਟਰੀ ਸਾਹਿਬ ਨੇ ਬੁਲਾਇਆ। ਸਾਨੂੰ ਤਾਂ ਪੈ ਗਈਆਂ ਭਾਜੜਾਂ। ਸੁੱਖ ਹੋਵੇ। ਪਤਾ ਨ੍ਹੀਂ ਕਿਸ ਰੂਟ 'ਤੇ ਬੱਸਾਂ ਦੀ ਸਪੈਸ਼ਲ ਚੈਕਿੰਗ ਕਰਨੀ ਆਂ। ਅਸੀਂ ਜਾਣ ਦੀ ਤਿਆਰੀ ਹੀ ਕਰ ਰਹੇ ਸੀ ਕਿ ਟ੍ਰੈਫ਼ਿਕ ਮੈਨੇਜਰ ਦਾ ਫ਼ੋਨ ਆ ਗਿਆ ਸੀ ਕਿ ਜੀਪ ਨੂੰ ਡਿਪੂ 'ਚੋਂ ਧੁਆ ਕੇ ਜਾਇਓ, ਓਦਾਂ ਹੀ ਨਾ ਕਿਤੇ ਤੁਰ ਪਿਉ। ਮੈਂ ਡਰਾਈਵਰ ਨੂੰ ਕਿਹਾ ਕਿ ਉਹ ਜਲੰਧਰ-ਦੋ ਡਿਪੂ 'ਚ ਜਾ ਕੇ ਜੀਪ ਚਮਕਾ ਲਿਆਵੇ। ਓਨਾ ਚਿਰ ਅਸੀਂ ਕੰਡੇ ਸਿਰ ਹੋ ਜਾਈਏ। ਨਾਗਣੀ ਮੁੱਕੀ ਸੀ। ਗੰਗਾਨਗਰ ਵਾਲੀ ਬੱਸ ਦਸ ਵਜੇ ਆਉਣੀ ਸੀ। ਮਾਲ-ਮੱਤਾ ਕੋਲ ਹੋਵੇ ਤਾਂ ਸਰੀਰ ਉੱਡਿਆ ਫਿਰਦਾ। ਫੇਰ ਚੰਡੀਗੜ੍ਹ ਕਿਹੜਾ ਨੇੜੇ ਆ। ਭਲੇ ਵੇਲੇ ਮਾਲ ਮਿਲ ਗਿਆ। ਉਹ ਵੀ ਖਰਾ। ਅਸੀਂ ਅੱਧੀ ਕੁ ਸਟਾਂਕ ਪੱਤੀ ਪੁਆ ਕੇ ਜਾਇਕੇਦਾਰ ਚਾਹ ਬਣਾਈ। ਬੱਕਰੀ ਦੀ ਮੇਂਗਣ ਜਿੰਨੀ ਡੂੰਗੀ। ਢੋਲੇ ਦੀਆਂ ਗਾਉਂਦੇ ਹੋਏ ਚਾਰ ਘੰਟਿਆਂ 'ਚ ਸੈਕਟ੍ਰੀਏਟ ਜਾ ਪਹੁੰਚੇ। ਸੈਕਟਰੀ ਸਾਹਿਬ ਦੇ ਪੀ.ਏ. ਨੂੰ ਮਿਲੇ। ਉਸ ਸਾਨੂੰ ਸਾਹਿਬ ਦੀ ਕੋਠੀ ਪਹੁੰਚਣ ਲਈ ਕਿਹਾ। ਸਾਡੇ ਲਈ ਤਾਂ ਸਾਹਿਬ ਤਾਂ ਪੀ.ਏ. ਵੀ ਸਾਹਿਬ ਜਿਹਾ ਹੀ ਸੀ। ਚਲੋ ਮਿੱਤਰੋ—ਸਾਹਿਬ ਦੀ ਕੋਠੀ ਜਾ ਗੇਟ ਖੜਕਾਇਆ। ਅੱਗੋਂ ਨਾ ਕਿਸੇ ਪਾਣੀ ਦਾ ਪੁੱਛਿਆ ਸੀ, ਨਾ ਚਾਹ ਦਾ। ਸ਼ਾਹੀ ਹੁਕਮ ਮਿਲ ਗਿਆ—ਕੁੱਤੀ ਬਹਾਰ 'ਤੇ ਆ। ਹੁਣੇ ਅੰਮ੍ਰਿਤਸਰ ਵਗ ਜਾਊ। ਮਜੀਠਾ ਰੋਡ 'ਤੇ ਕੋਠੀ ਨੰ. ਇਕਾਸੀ। ਉਥੋਂ ਇਹਦਾ ਮੇਲ ਕਰਾ ਲਿਆਓ। ਮੈਂ ਉਨ੍ਹਾਂ ਨੂੰ ਫ਼ੋਨ ਕਰਤਾ। ਕੁੱਤੀ ਦਾ ਪੂਰਾ ਖ਼ਿਆਲ ਰੱਖਣਾ। ਦੋ-ਦੋ ਘੰਟਿਆਂ ਬਾਅਦ ਇਹਨੂੰ ਦੁੱਧ ਪਿਲਾਉਣਾ। ਦੁੱਧ 'ਚ ਆਹ ਪਾਊਡਰ ਦੇ ਦੋ ਦੋ ਚਮਚ ਪਾ ਲਿਓ। ਇਹਨੇ ਪਾਊਡਰ ਤੋਂ ਬਿਨਾਂ ਦੁੱਧ ਨ੍ਹੀਂ ਪੀਣਾ। ਇਹ ਬਿਸਕੁਟ ਖਾਣ ਨੂੰ ਦਿਓ। ਜੇ ਮੁੱਕ ਗਏ ਤਾਂ ਹਾਲ ਗੇਟ ਦੇ ਅੰਦਰ ਇਕ ਦੁਕਾਨ ਆ—ਭਲਾ ਜਿਹਾ ਉਹਦਾ ਨਾਂ ਆ—ਵਾਲੀਆ, ਉਥੋਂ ਮਿਲ ਜਾਣਗੇ। ਬਸ ਜਾਣ ਦੀ ਕਰੋ। ਉੱਡ ਜਾਓ। ਹੋਰ ਨਾ ਲੇਟ ਹੋ ਜਾਇਓ। ਮੇਰੇ ਨਾਲ ਆਹੀ ਪਿਆਰਾ ਸੀ। ਅਸੀਂ ਇਕ ਦੂਜੇ ਵੱਲ ਦੇਖਦਿਆਂ ਹੋਇਆਂ, ਕੁੱਤੀ ਦੀ ਸੰਗਲੀ ਫੜੀ ਤੇ ਜੀਪ ਵੱਲ ਨੂੰ ਤੁਰ ਪਏ। ਸਾਹਿਬ ਨੇ ਸਾਨੂੰ ਆਵਾਜ਼ ਮਾਰ ਕੇ ਸਮਝਾਇਆ, ਇਹਨੂੰ ਝਿੜਕਿਉ ਨਾ। ਇਹ ਬੜਾ ਸੈਂਸਟਿਵ ਜਾਨਵਰ ਆ। ਕੁੱਤੀ ਸਾਡੇ ਤੋਂ ਡਰੇ। ਅਸੀਂ ਕੁੱਤੀ ਤੋਂ ਡਰੀਏ। ਸਾਹਿਬ ਦੀ ਕੁੱਤੀ ਸਾਡੇ ਲਈ ਸਪੈਸ਼ਲ ਗੈਸਟ ਸੀ। ਰਸਤੇ 'ਚ ਕੁੱਤੀ ਨੇ ਸਾਨੂੰ ਐਨਾ ਤੰਗ ਕੀਤਾ, ਇਕ ਵਾਰ ਤਾਂ ਕੰਨਾਂ ਨੂੰ ਹੱਥ ਲੁਆ ਦਿੱਤੇ। ਅੱਲੀ-ਅੱਲੀ ਕਰਕੇ ਅੱਠ ਵਜੇ ਅੰਮ੍ਰਿਤਸਰ ਪਹੁੰਚੇ। ਮਸਾਂ-ਮਸਾਂ ਕੋਠੀ ਲੱਭੀ। ਉਨ੍ਹਾਂ ਪਿਉ ਦੇ ਪੁੱਤਾਂ ਨੇ ਵੀ ਸਾਨੂੰ ਪਾਣੀ ਦਾ ਘੁੱਟ ਨਾ

ਪਿਲਾਇਆ। ਦਸਾਂ ਮਿੰਟਾਂ ਬਾਅਦ ਕੁੱਤੀ ਦੀ ਸੰਗਲੀ ਸਾਡੇ ਹੱਥ ਲਿਆ ਫੜਾਈ, 'ਇਹਦਾ ਥੇਹ ਨਿਕਲ ਗਿਆ। ਫੇਰ ਆਈਓ।' ਹੁਣ ਨਵੀਂ ਸਮੱਸਿਆ ਆਣ ਖੜ੍ਹੀ ਹੋਈ। ਹੁਣ ਕੀ ਕੀਤਾ ਜਾਵੇ। ਕਿਤੇ ਸਾਹਿਬ ਸਾਡੇ 'ਤੇ ਚੜ੍ਹਾਈ ਨਾ ਕਰ ਦੇਵੇ। ਅਸੀਂ ਤਾਂ ਸਾਰੇ ਰਸਤੇ 'ਚ ਚਾਹ-ਪਾਣੀ ਬਿਨਾਂ ਕਿਤੇ ਰੁਕੇ ਹੀ ਨ੍ਹੀਂ ਸੀ। ਐੱਸ.ਟੀ.ਡੀ. 'ਤੇ ਜਾ ਕੇ ਸਾਹਿਬ ਦੇ ਪੀਅਨ ਨੂੰ ਫ਼ੋਨ ਕੀਤਾ। ਉਹਨੇ ਸਾਨੂੰ ਅੱਧੇ ਘੰਟੇ ਬਾਅਦ ਫ਼ੋਨ ਕਰਨ ਲਈ ਕਿਹਾ। ਜੀਪ 'ਚ ਬੈਠੀ ਕੁੱਤੀ ਅਵਾਜਾਰ ਹੋ ਰਹੀ ਸੀ। ਉਹਦੇ ਬਿਸਕੁਟ ਮੁੱਕ ਗਏ ਸੀ। ਅੱਧੇ ਘੰਟੇ ਬਾਅਦ ਫ਼ੋਨ ਕੀਤਾ ਤਾਂ ਪੀਅਨ ਨੇ ਹੁਕਮ ਕਰ ਦਿੱਤਾ ਕਿ ਫ਼ੌਜਾਂ ਚੰਡੀਗੜ੍ਹ ਨੂੰ ਕੂਚ ਕਰ ਜਾਣ।" ਗੱਬਰ ਨੇ ਆਪਣੀ ਗੱਲ ਸੁਣਾ ਕੇ ਸਾਹ ਲਿਆ।

"ਬਿਸਕੁਟਾਂ ਵਾਲੀ ਗੱਲ ਵੀ ਸੁਣਾ ਦੇ।" ਪਿਆਰ ਨੇ ਉਹਨੂੰ ਯਾਦ ਕਰਾਇਆ।

"ਅਸੀਂ ਕੁੱਤੀ ਨੂੰ ਡਰਾਈਵਰ ਕੋਲ ਸੰਭਾਲ ਕੇ ਹਾਲ ਗੇਟ ਅੰਦਰ ਵਾਲੀਏ ਦੀ ਦੁਕਾਨ ਲੱਭੀ। ਬਿਸਕੁਟਾਂ ਦਾ ਪੈਕਟ ਤਿੰਨ ਸੌ ਦਾ ਸੀ। ਸਾਡੇ ਕੋਲ ਡੇਢ ਸੌ ਸੀ। ਅਸੀਂ ਆਪਣੇ ਕੋਲ ਕਦੇ ਜ਼ਿਆਦਾ ਪੈਸੇ ਰੱਖੇ ਹੀ ਨ੍ਹੀਂ। ਡਰਾਈਵਰ ਕੋਲੋਂ ਪੰਜਾਹ ਨਿਕਲੇ। ਪਿਆਰਾ ਕਹਿੰਦਾ ਕਿ ਡਿਪੂ ਚੱਲੀਏ। ਕਿਸੇ ਕੋਲੋਂ ਉਧਾਰੇ ਮੰਗ ਲੈਂਦੇ ਹਾਂ। ਕੁੱਤੀ ਸਾਹਿਬ ਦੀ ਆ ਕਿਹੜਾ ਨਾਂਹ ਕਰ ਦਊ। ਹਰੇਕ ਜਣਾ ਹੱਸ ਦੇ ਦਊ। ਉਦੋਂ ਹੀ ਮੈਨੂੰ ਡਿਪੂ ਨੂੰ ਜਾਂਦੀ ਬੱਸ ਦਿਸ ਪਈ। ਮੈਂ ਡਾਇਰੀ ਲਈ ਤੇ ਬੱਸ ਅੱਗੇ ਕਰ ਦਿੱਤੀ। ਬੱਸ ਰੁਕ ਗਈ। ਕੰਡਕਟਰ ਔਖਾ ਜਿਹਾ ਬੋਲਿਆ। ਬੱਸ ਖ਼ਾਲੀ ਸੀ। ਜਦੋਂ ਉਸ ਮੇਰੇ ਵੱਲ ਗ਼ੌਰ ਨਾਲ ਦੇਖਿਆ ਤਾਂ ਬੜੀ ਧੀਮੀ ਆਵਾਜ਼ 'ਚ ਬੋਲਿਆ—'ਭਾ ਜੀ ਸੌਰੀ। ਦਿੱਲੀਓਂ ਚੱਲ ਕੇ ਆਏ ਆਂ। ਸੁੱਤ ਉਨੀਂਦਰੇ 'ਚ ਪਤਾ ਨ੍ਹੀਂ ਲੱਗਾ। ਮੈਂ ਤੁਹਾਡਾ ਛੋਟਾ ਭਰਾ ਆਂ।' ਕੰਡਕਟਰ ਕੁਝ ਜ਼ਿਆਦਾ ਹੀ ਡਰ ਗਿਆ ਸੀ। ਕੁਝ ਦਿਨ ਪਹਿਲਾਂ ਹੀ ਉਸ ਦੀ ਡੀ.ਐੱਮ. ਅੱਗੇ ਪੇਸ਼ੀ ਹੋਈ ਸੀ। ਹੋਇਆ ਐਦਾਂ ਸੀ ਕਿ ਡੀ.ਐੱਮ. ਆਫ਼ਿਸ ਅੱਗੇ ਆਪਣੇ ਇੰਸਪੈਕਟਰ ਧੂਮੜੀ ਨੇ ਇਹਦੀ ਬੱਸ ਰੋਕੀ ਸੀ। ਇਹ ਧੂਮੜੀ ਨਾਲ ਔਖਾ ਹੋ ਗਿਆ। ਧੂਮੜੀ ਡਰੂ ਬੰਦਾ ਸੀ। ਡਰ ਗਿਆ। ਧੂਮੜੀ ਨੇ ਕਿਹਾ ਵੀ ਕਿ ਉਸ ਦੀ ਡਿਊਟੀ ਫਲਾਇੰਗ ਸੁਕੈਅਡ ਨਾਲ ਆ ਪਰ ਇਹ ਮੰਨਿਆ ਹੀ ਨਾ। ਇਹਨੇ ਅੱਖਾਂ ਦਿਖਾਈਆਂ—'ਚੱਲ ਚੱਲ ਉੱਤਰ ਮੇਰੀ ਬੱਸ 'ਚੋਂ...ਪਿਉ ਵਾਲਾ ਆ ਗਿਆ ਵੱਡਾ ਇੰਸਪੈਕਟਰ।' ਡੀ.ਐੱਮ. ਸਾਹਿਬ ਨੇ ਜੀ.ਐੱਮ. ਨੂੰ ਫ਼ੋਨ ਕੀਤਾ ਤੇ ਫੇਰ ਇਹਦੇ ਕੋਲੋਂ ਡੀ.ਐੱਮ. ਸਾਹਿਬ ਨੇ ਨੱਕ ਨਾਲ ਲਕੀਰਾਂ ਕਢਵਾਈਆਂ। ਤਾੜਨਾ ਕੀਤੀ, 'ਇਕ ਵਾਰ ਤੈਨੂੰ ਤੇਰੇ ਬੱਚਿਆਂ ਕਰਕੇ ਛੱਡ ਦਿੱਤਾ। ਹੁਣ ਅਗਾਂਹ ਨੌਕਰੀ ਆਪਣਾ ਪੜ੍ਹਿਆ ਵਿਚਾਰ ਕੇ ਕਰੀਂ।' ਸਾਡੇ ਨਾਂਹ-ਨਾਂਹ ਕਰਦਿਆਂ ਵੀ ਕੰਡਕਟਰ ਨੇ ਮੱਲੋ-ਜ਼ੋਰੀ ਚਾਹ ਪਿਲਾਈ। ਆਗਰੇ ਦੀ ਨਾਗਣੀ ਦੀ ਗੋਲੀ ਦਿੱਤੀ। ਮੈਂ ਉਹਨੂੰ ਪੈਸਿਆਂ ਬਾਰੇ ਕਿਹਾ ਤਾਂ ਉਸ ਆਪਣਾ ਥੈਲਾ ਮੇਰਾ ਵੱਲ ਨੂੰ ਕਰ ਦਿੱਤਾ, 'ਭਾ ਜੀ ਜਿੰਨੇ ਜੀਅ ਕਰਦੈ ਕੱਢ ਲਓ।' ਮੈਂ ਸੌ-ਸੌ ਦੇ ਤਿੰਨ ਨੋਟ ਕੱਢ ਕੇ ਜਲਦੀ ਹੀ ਵਾਪਸ ਕਰਨ ਦਾ ਵਾਅਦਾ ਕਰਕੇ ਕੁੱਤੀ ਲਈ ਬਿਸਕੁਟਾਂ ਦਾ ਡੱਬਾ ਲੈਣ ਵਾਲੀਏ ਦੀ ਦੁਕਾਨ ਵੱਲ ਚਲਾ ਗਿਆ।"

ਮਾਲੀ ਚਾਹ ਲੈ ਆਇਆ। ਗੱਬਰ, ਪਿਆਰੇ ਲਾਲ, ਮਾਲੀ ਤੇ ਦੋ ਹੋਰ ਇੰਸਪੈਕਟਰਾਂ ਨੇ ਚਾਹ ਦੇ ਨਾਲ-ਨਾਲ ਗੋਲੀ ਲਈ ਤੇ ਫੇਰ ਗੱਲਾਂ ਅਮਲ ਪਾਣੀ ਦੀਆਂ ਤੁਰ ਪਈਆਂ।

ਪਿਆਰੇ ਲਾਲ ਨੇ ਦੱਸਿਆ, "ਮੇਰੇ ਸਾਂਢੂ ਦਾ ਛੋਟਾ ਭਰਾ ਰਮੇਸ਼ ਡੀ.ਸੀ. ਦੇ ਦਫ਼ਤਰ ਮੋਗੇ ਕਲਰਕ ਲੱਗਾ। ਬਹੁਤ ਹੀ ਸੁਹਣਾ-ਸੁਨੱਖਾ। ਦੇਖ ਕੇ ਭੁੱਖ ਲਹਿੰਦੀ ਆ। ਰੱਬ ਨੇ ਉਹਨੂੰ ਵਿਹਲੇ ਬੈਠ ਕੇ ਬਣਾਇਆ ਸੀ ਪਰ ਕੋਹੜੀ ਨਸ਼ੇ-ਪੱਤੇ ਕਰਨ ਲੱਗ ਪਿਆ। ਮਾਲਵਾ ਤਾਂ ਹੈ ਹੀ ਪੱਟਿਆ ਨਸ਼ਿਆਂ-ਪੱਤਿਆਂ ਦਾ। ਜਦੋਂ ਉਹ ਭਰਤੀ ਹੋਇਆ ਸੀ ਤਾਂ ਨਿਰਾ ਸੋਨਾ ਸੀ। ਉਹਦੇ ਸਾਥੀਆਂ ਨੇ ਪਿੱਤਲ ਨਾਲੋਂ ਵੀ ਭੈੜਾ ਬਣਾ ਦਿੱਤਾ। ਸਿਲਸਿਲਾ ਕੜਾਕੇਦਾਰ ਚਾਹ ਤੋਂ ਸ਼ੁਰੂ ਹੋਇਆ ਤੇ ਸਿਰੇ ਚੜ੍ਹਿਆ ਸੀ ਡੋਡਿਆਂ ਦੇ ਪਾਣੀ ਤਕ। ਚੰਗੀ ਨੌਕਰੀ ਸੀ। ਟੀਚਰ ਲੱਗੀ ਕੁੜੀ ਨਾਲ ਵਿਆਹ ਹੋ ਗਿਆ। ਦੋ ਕੁ ਮਹੀਨਿਆਂ ਬਾਅਦ ਕੁੜੀ ਨੂੰ ਉਹਦੀਆਂ ਕਰਤੂਤਾਂ ਦਾ ਪਤਾ ਲੱਗ ਗਿਆ। ਉਸ ਬਥੇਰਾ ਸਮਝਾਇਆ ਪਰ ਅਮਲੀ ਦਾ ਦਿਮਾਗ਼ ਦਾ ਥੰਦੇ ਘੜੇ ਜਿਹਾ ਹੁੰਦਾ—ਬੇਅਸਰ। ਜ਼ਨਾਨੀ ਵਿਚਾਰੀ ਕੀ ਕਰ ਸਕਦੀ ਆ। ਰੋ-ਪਿੱਟ ਕੇ ਚੁੱਪ ਹੋ ਗਈ। ਉਸ ਨੇ ਪੇਕਿਆਂ ਨੂੰ ਕੁਸ਼ ਨਾ ਦੱਸਿਆ। ਲਓ ਜੀ ਸਾਕੀ (ਸਾਖੀ) ਅੱਗੇ ਚੱਲੀ...ਉਸ ਦੇ ਸਹੁਰੇ ਕਈ ਵਾਰ ਜ਼ੋਰ ਪਾਉਂਦੇ ਕਿ ਉਹ ਉਨ੍ਹਾਂ ਕੋਲ ਰਾਤ ਰਹੇ ਪਰ ਉਹ ਪਿਉ ਦਾ ਪੁੱਤ ਖੜ੍ਹੇ ਦਿਨ ਹੀ ਮੁੜ ਆਉਂਦਾ। ਉਹ ਤਾਂ ਆਪਣੇ ਜਾਲ 'ਚ ਉਲਝਿਆ ਪਿਆ ਸੀ। ਸਹੁਰਿਆਂ ਨੂੰ ਉਸ ਦੇ ਖਾਣ-ਪੀਣ ਦੀ ਭਿਨਕ ਨ੍ਹੀਂ ਲੱਗੀ ਸੀ। ਕੁੜੀ ਵਿਚਾਰੀ ਆਪਣੇ ਮਾਂ-ਪਿਉ ਨੂੰ ਕੀ ਦੱਸਦੀ। ਇਕ ਦਿਨ ਰਮੇਸ਼ ਆਪਣੀ ਘਰਵਾਲੀ ਨੂੰ ਲੈ ਕੇ ਸਹੁਰਿਆਂ ਦੇ ਗਿਆ ਤਾਂ ਉਨ੍ਹਾਂ ਉਸ ਨੂੰ ਧੱਕੇ ਨਾਲ ਰੋਕ ਹੀ ਲਿਆ। ਰਮੇਸ਼ ਦੀ ਇਕ ਨਾ ਚੱਲਣ ਦਿੱਤੀ। ਇਕ ਨਾ ਮੰਨੀ। ਰਮੇਸ਼ ਨੇ ਦੁਪਹਿਰ ਦਾ ਡੰਗ ਤਾਂ ਬਾਹਰ ਜਾ ਕੇ ਸਾਰ ਲਿਆ। ਹੁਣ ਗੱਲ ਸਵੇਰ ਦੀ ਸੀ। ਜੇ ਸੁੱਤਿਆਂ ਉੱਠਦਿਆਂ ਸਾਰ ਉਹ ਡੋਡਿਆਂ ਦੇ ਪਾਣੀ ਦਾ ਗਲਾਸ ਨਾ ਪੀਂਦਾ ਤਾਂ ਉਹਦੇ ਹੱਡ-ਪੈਰ ਨਾ ਤੁਰਦੇ। ਕਿਸੇ ਨੂੰ ਕਾਸੇ ਦੀ ਚਿੰਤਾ ਹੋਊ ਪਰ ਅਮਲੀ ਬੰਦੇ ਨੂੰ ਤਾਂ ਆਪਣੇ ਨਸ਼ੇ-ਪੱਤਿਆਂ ਦਾ ਫ਼ਿਕਰ ਹੁੰਦਾ ਹੈ ਨਾ। ਰਮੇਸ਼ ਦੀ ਸਾਰੀ ਰਾਤ ਸਵੇਰ ਬਾਰੇ ਸੋਚਦਿਆਂ ਦੀ ਲੰਘ ਗਈ। ਐਵੇਂ ਟੁੱਟਵੀਂ ਜਹੀ ਨੀਂਦ ਆਈ। ਤੜਕੇ ਹੀ ਜਾਗ ਆ ਗਈ। ਉਹਨੇ ਸੋਚਿਆ ਬਈ ਹੋਵੇ ਨਾ ਹੋਵੇ ਉਹ ਪਰਿਵਾਰ ਦੇ ਉੱਠਣ ਤੋਂ ਪਹਿਲਾਂ-ਪਹਿਲਾਂ ਆਪਣਾ ਕੰਮ ਮੁਕਾ ਲਵੇ। ਸਿਆਲੂ ਦਿਨ ਸਨ। ਪਾਣੀ

ਵੀ ਗਰਮ ਚਾਹੀਦਾ ਸੀ। ਮਾਲ-ਮੱਤਾ ਉਹਨੇ ਕੋਟ ਦੀ ਅੰਦਰਲੀ ਜੇਬ 'ਚ ਸਾਂਭ ਰੱਖਿਆ ਸੀ। ਉਹ ਮਲਕ ਦੇਣੀ ਰਸੋਈ 'ਚ ਗਿਆ। ਡਰਦੇ ਨੇ ਬਿਜਲੀ ਵੀ ਨਾ ਜਗਾਈ ਮਤੇ ਘਰਦਿਆਂ ਨੂੰ ਪਤਾ ਨਾ ਲੱਗ ਜਾਵੇ। ਸਿਆਣੇ ਕਹਿੰਦੇ ਨੇ ਡਰਦਿਆਂ ਨੂੰ ਹੋਰ ਡਰ ਲੱਗਦਾ। ਉਸ ਗਲਾਸ ਨੂੰ ਹੱਥ ਪਾਇਆ ਹੀ ਸੀ, ਨਾਲ ਦੀ ਨਾਲ ਕੌਲੀਆਂ ਹੇਠਾਂ ਡਿੱਗ ਪਈਆਂ। ਇਕੋ ਵਾਰ ਦਸ-ਬਾਰ੍ਹਾਂ। ਨਾਲ ਦੇ ਕਮਰੇ 'ਚ ਪਈ ਉਹਦੀ ਸੱਸ ਸੋਟੀ ਫੜ ਕੇ ਰਸੋਈ ਅੱਗੇ ਆ ਖੜ੍ਹੀ ਕਿ ਬਿੱਲੀ ਹੋਣੀ ਆ। ਰਮੇਸ਼ ਤਾਂ ਦਰਵਾਜ਼ੇ ਪਿੱਛੇ ਲੁਕ ਗਿਆ ਸੀ। ਬੁੜੀ ਸੀਹ-ਸੀਹ ਕਰਕੇ ਮੁੜ ਮੰਜੇ 'ਤੇ ਜਾ ਪਈ। ਰਮੇਸ਼ ਨੇ ਕੁਝ ਚਿਰ ਇੰਤਜ਼ਾਰ ਕੀਤਾ ਤੇ ਫੇਰ ਮੋਰਚਾ ਸੰਭਾਲ ਲਿਆ। ਪਾਣੀ ਗਰਮ ਕਰਨ ਲਈ ਗੈਸ ਬਾਲ ਲਿਆ। ਸਫਰੀਏ ਜਿਹੇ 'ਚ ਪਾਣੀ ਗਰਮ ਕੀਤਾ। ਡੋਡਿਆਂ ਦੀ ਮੁੱਠ ਪਾਈ। ਪੁਣਨ ਲਈ ਕੱਪੜਾ ਲੱਭਣ ਲੱਗਾ। ਕੱਪੜਾ ਲੱਭਦਿਆਂ ਲੱਭਦਿਆਂ ਹੱਥ ਫੇਰ ਕਿਸੇ ਪਾਸੇ ਲੱਗ ਗਿਆ। ਫੇਰ ਭਾਂਡੇ ਡਿੱਗਣ ਦਾ ਖੜਾਕ ਹੋਇਆ। ਉਹਦੀ ਸੱਸ ਨੇ ਰੌਲਾ ਪਾ ਦਿੱਤਾ—ਚੋਰ ਚੋਰ। ਸਾਰੇ ਜੀਅ ਜਿਸ ਦੇ ਹੱਥ 'ਚ ਜੋ ਆਇਆ, ਲੈ ਕੇ ਰਸੋਈ 'ਚ ਆ ਵੜੇ। ਰਸੋਈ 'ਚ ਹਨੇਰ ਘੁੱਪ ਸੀ। ਚਾਰ ਕੁ ਵੱਜੇ ਸਨ। ਆਂਢ-ਗੁਆਂਢ ਸੁੱਤਾ ਪਿਆ ਸੀ। ਕਿਸੇ ਨੇ ਕੁਸ਼ ਨਾ ਦੇਖਿਆ। ਉਨ੍ਹਾਂ ਨੂੰ ਪਰਛਾਵਾਂ ਜਿਹਾ ਦਿਸਿਆ। ਉਨ੍ਹਾਂ ਜੋ ਵੀ ਹੱਥ ਆਇਆ, ਨੱਬੇ ਦੀ ਸਪੀਡ ਨਾਲ ਚਲਾ ਦਿੱਤਾ। ਉਨ੍ਹਾਂ ਨੂੰ ਤਾਂ ਉਦੋਂ ਹੀ ਪਤਾ ਲੱਗਾ ਜਦੋਂ ਰਮੇਸ਼ ਨੇ ਚੀਕ ਮਾਰ ਕੇ ਕਿਹਾ—'ਸਾਲਿਓ, ਆਪਣੇ ਜੁਆਈ ਦਾ ਤਾਂ ਲਿਹਾਜ ਕਰ ਲਓ।' ਆਹ ਹਾਲ ਤਾਂ ਅਮਲੀਆਂ ਦਾ ਹੁੰਦਾ।

"ਕੋਈ ਸਿਆਣੀ ਗੱਲ ਵੀ ਕਰ ਲਿਆ ਕਰੋ।"

"ਲੈ ਆਹ ਜਿਹੜੀਆਂ ਗੱਲਾਂ ਸੁਣਾਈਆਂ, ਇਹ ਐਵੇਂ ਕੈਵੇਂ ਦੀਆਂ ਆ। ਤੂੰ ਦੱਸ ਆਪ ਬੀਤੀਆਂ ਨਾਲੋਂ ਵੀ ਕੋਈ ਵੱਡੀ ਗੱਲ ਹੋ ਸਕਦੀ ਆ।"

"ਚੱਲ ਫੇਰ ਜਗ ਬੀਤੀ ਸੁਣਾ।"

"ਅੱਧੀ ਧਾਰਮਿਕ ਹੋਵੇ। ਅੱਧੀ ਮਾਲੀ ਦੇ ਕੰਮ ਦੀ।"

ਸੋਹਣ ਸਿੰਘ ਸ਼ੁਰੂ ਹੋ ਗਿਆ, "ਆਹ ਜਿਹੜੀ ਗੱਲ ਸੁਣਾਉਣ ਲੱਗਾਂ, ਇਹ ਸਟੈਟਿਕਸ ਬ੍ਰਾਂਚ ਵਾਲੇ ਪੰਡਤ ਨੇ ਸੁਣਾਈ ਸੀ। ਉਹ ਵੀ ਇਸ ਮਾਲੀ ਵਾਂਗੂੰ ਜ਼ਨਾਨੀਆਂ ਦਾ ਬੜਾ ਠਰਕੀ ਆ। ਜੇ ਕੋਈ ਬੰਦਾ ਉਹਨੂੰ ਕਿਸੇ ਕੰਮ ਲਈ ਕਹਿ ਦੇਵੇ ਤਾਂ ਉਹ ਮੱਥੇ 'ਤੇ ਸੌ ਤਿਊੜੀਆਂ ਪਾ ਲੈਂਦਾ। ਜ਼ਨਾਨੀਆਂ ਦੇ ਸਾਰਾ ਦਿਨ ਹੱਥ ਦੇਖਦਾ ਰਹਿੰਦਾ। ਜੇ ਕੋਈ ਜ਼ਨਾਨੀ ਉਹਨੂੰ ਕਹਿ ਦੇਵੇ ਕਿ ਪੰਡਤ ਜੀ, ਆਹ ਮੇਰੀ ਸਬਜ਼ੀ ਵਾਲੀ ਡੱਬੀ ਬੱਸ-ਸਟੈਂਡ ਤੋਂ ਗਰਮ ਕਰ ਲਿਆਓ ਤਾਂ ਮਜ਼ਾਲ ਹੈ ਕਿ ਉਹ ਨਾਂਹ ਕਰ ਜਾਵੇ।"

ਗੱਬਰ ਬੋਲਿਆ, "ਰੱਬ ਨੇ ਜ਼ਨਾਨੀ ਬਣਾਈ ਹੀ ਇਸ ਲਈ ਹੈ ਕਿ ਬੰਦਾ ਸਾਰੀ ਉਮਰ ਕਮਲਾ ਹੋਇਆ ਰਹੇ। ਚੱਲ ਗੱਲ ਸੁਣਾ।"

"ਇਕ ਸੀ ਰਾਜਾ ਤੇ ਇਕ ਸੀ ਉਸ ਦੀ ਰਾਣੀ।"

"ਨ੍ਹੀਂ ਐਦਾਂ ਨ੍ਹੀਂ, ਜਿੱਦਾਂ ਪੰਡਤ ਨੇ ਸੁਣਾਈ ਸੀ, ਉਵੇਂ ਸੁਣਾ।"

"ਏਕ ਰਾਜੇ ਕੀ ਰਾਨੀ ਥੀ ਅਰ ਕਿਸੀ ਪਰ ਪੁਰਖ ਸੇ ਪਰਚੀ ਹੁਈ ਥੀ, ਏਕ ਰੈਨ ਜੁਗਮ ਹੀ ਪਲੰਘ ਪਰ ਸੋਇ ਗਏ ਅਰ ਰਾਜਾ ਗ੍ਰਿਹ ਮੇ ਆਇਆ। ਜਬ ਦੇਖਿਆ ਰਾਨੀ ਕੋ, ਜੋ ਪਰ ਪੁਰਖ ਸਾਥ ਕੇਲਿ ਕਰਤੀ ਹੋਈ ਸੋਇ ਗਈ ਹੈ ਅਰ ਨਗਨ ਪਰੇ ਹੈ ਦੋਨੋ। ਰਾਜਾ ਅਹਿਲ ਨਰਮ ਦਿਲ ਥਾ, ਮਨ ਮੇ ਬੀਚਾਰਿਆ ਜੋ ਅਵਰ ਇਨ ਕੋ ਕੋਊ ਨਾ ਦੇਖੇ ਤਾਂ ਤੇ ਆਪਣੀ ਚਾਦਰ ਉਪਰਿ ਡਾਰ ਕੇ ਚਲਿਆ ਗਇਆ। ਜਬ ਦੋਨੋ ਜਾਗੇ ਅਰ ਚਾਦਰ ਰਾਨੀ ਪਛਾਨੀ ਤਬ ਭੈ ਕਰ ਕਾਪਨੇ ਲਗੇ। ਜੋ ਕਿਆ ਜਾਪੇ ਰਾਜਾ ਜੀ ਹਮਾਰਾ ਕੀ ਹਾਲ ਕਰੇਗੇ ? ਅਰ ਰਾਜਾ ਬੜਾ ਗੰਭੀਰ ਚਿਤ ਵਾਲਾ ਥਾ, ਤਿਸ ਬਾਤ ਕੋ ਬਿਸਾਰ ਹੀ ਦੀਆ। ਅਧਿਕ ਕਾਲ ਬੀਤ ਗਿਆ ਤਬ ਏਕ ਦਿਨ ਰਾਜਾ ਬਿਮਾਰ ਭਇਆ, ਬਹੁੜ ਐਸਾ ਸਰੀਰ ਭਇਆ ਜੋ ਸਭਨਾ ਜਾਨਿਆ ਅਬ ਹਮਾਰਾ ਰਾਜਾ ਮਰਤਾ ਹੈ। ਐਸਾ ਜਾਣੁ ਕੇ ਸਕਲ ਸੰਬੰਧੀ ਰੁਦਨ ਕਰਨੇ ਲਗੇ। ਅਰ ਵੁਹ ਰਾਨੀ ਭੀ ਰੋਵਨ ਲਾਗੀ। ਤਬ ਰਾਜਾ ਦੇਖ ਕੇ ਕਹਿਨੇ ਲਗਾ, ਹੈ ਰਾਨੀ ਤੂ ਕਿਉਂ ਰੋਵਤੀ ਹੈ ? ਜੇਤਾ ਰਾਜਾ ਭਾਗ ਹੈ, ਸੋ ਮੈਂ ਤੁਮ ਕੋ ਦੀਏ ਜਾਤਾ ਹੂੰ ਤੁਮਾਰੇ ਕੋ ਸਭੀ ਸੁਖੀ ਪ੍ਰਾਪਤੀ ਹੈ। ਤੇਰੇ ਰੁਦਨ ਕਾ ਕੀ ਕਾਰਨ ਹੈ ? ਐਸਾ ਸੁਨ ਕੇ ਰਾਨੀ ਅਤਿ ਦੀਨ ਹੋਇ ਕੇ ਕਹਨੇ ਲਗੀ ਰਾਜਾ ਜੀ ਮੈਂ ਇਸ ਨਮਿਤ ਰੋਵਤੀ ਹੂੰ ਜੋ ਅਵਰ ਤੋ ਸਭੀ ਕੁਛ ਮਿਲੇਗਾ ਪਰ ਚਾਦਰ ਪਾਵਨੇ ਵਾਲਾ ਕੋਈ ਨਾ ਮਿਲੇਗਾ।"

ਸਾਡੇ ਦਫ਼ਤਰ ਤਾਂ ਨਹੀਂ ਪਰ ਰੋਡਵੇਜ਼ 'ਚ ਕੰਡਕਟਰਾਂ, ਡਰਾਈਵਰਾਂ, ਇੰਸਪੈਕਟਰਾਂ ਤੇ ਵਰਕਸ਼ਾਪ ਦੇ ਕਰਮਚਾਰੀਆਂ ਦੇ ਨਾਂ ਦੇ ਕੁ-ਨਾਂ ਪਾਏ ਹੋਏ ਸਨ। ਜਿਸ ਦੇ ਨਾਂ ਨਾਲ ਇਕ ਵਾਰ ਕੋਈ ਭੈੜਾ ਜਿਹਾ ਸ਼ਬਦ ਜੁੜ ਗਿਆ, ਮੁੜ ਸਾਰੀ ਉਮਰ ਉਸ ਦੇ ਨਾਂ ਨਾਲ, ਉਹੀ ਨਾਂ ਜੁੜਿਆ ਰਹਿੰਦਾ। ਜਿਵੇਂ ਮੋਹਨ ਸਿੰਘ ਸਿੱਧੂ ਦਾ ਮੋਹਨ ਸਿੰਘ ਛੜਾ, ਹਰੀ ਚੰਦ ਸ਼ਰਮਾ ਦਾ ਹਰੀ ਚੰਦ ਚੋਰ, ਕਰਤਾਰ ਸਿੰਘ ਸੰਧੂ ਦਾ ਕਰਤਾਰਾ ਸੱਸ ਚੋਦ, ਮਲਕੀਤ ਸਿੰਘ ਰੰਧਾਵਾ ਦਾ ਮਲਕੀਤਾ ਬਕਰੀ ਚੋਦ, ਮੁਖਤਿਆਰ ਸਿੰਘ ਦਾ ਮੁਖਤਿਆਰ ਕਾਣਾ। ਐਦਾਂ ਹੀ ਅਨੇਕਾਂ ਨਾਂ ਸਨ। ਇਕ ਵਾਰ ਹਰੀ ਚੰਦ ਚੋਰ ਨੇ ਆਪਣੇ ਦਫ਼ਤਰ ਦੇ ਬਾਬੂ ਦੇ ਘਰ

ਫ਼ੋਨ ਕੀਤਾ। ਅੱਗੋਂ ਫ਼ੋਨ ਬਾਬੂ ਦੇ ਮੁੰਡੇ ਨੇ ਚੁੱਕਿਆ ਮੁੰਡੇ ਨੇ ਪੁੱਛਿਆ ਕਿ ਤੁਸੀਂ ਕੌਣ ਬੋਲਦੇ ਹੋ ਤਾਂ ਅੱਗੋਂ ਹਰੀ ਚੰਦ ਨੇ ਦੱਸਿਆ ਕਿ ਉਹ ਆਪਣੇ ਡੈਡੀ ਨੂੰ ਦੱਸ ਦੇਵੇ ਕਿ ਹਰੀ ਚੰਦ ਚੋਰ ਦਾ ਫ਼ੋਨ ਆਇਆ ਹੈ। ਮੁੰਡਾ ਡਰ ਗਿਆ ਤੇ ਜਾ ਕੇ ਆਪਣੀ ਮਾਂ ਨੂੰ ਦੱਸਿਆ ਕਿ ਹਰੀ ਚੰਦ ਚੋਰ ਕਹਿੰਦਾ ਕਿ ਮੈਂ ਆਪਣੇ ਡੈਡੀ ਨੂੰ ਦੱਸ ਦਵਾਂ ਕਿ ਉਹ ਰਾਤ ਨੂੰ ਕਿਧਰੇ ਨਾ ਜਾਣ। ਉਹ ਇਕੱਲਾ ਹੀ ਆਵੇਗਾ। ਮੁੰਡੇ ਦੀ ਮਾਂ ਵੀ ਡਰ ਗਈ। ਉਸੇ ਹਫ਼ਤੇ ਉਨ੍ਹਾਂ ਦੇ ਮੁਹੱਲੇ ਅਨੇਕਾਂ ਚੋਰੀਆਂ ਹੋਈਆਂ ਸਨ। ਉਹਨੇ ਤਾਂ ਦਿਨ ਖੜ੍ਹੇ-ਖੜ੍ਹੇ ਹੀ ਬਾਹਰੋਂ ਤੇ ਅੰਦਰੋਂ ਜਿੰਦਰੇ ਮਾਰ ਲਏ ਕਿ ਪਤਾ ਨਹੀਂ ਕੀ ਦਾ ਕੀ ਵਾਪਰ ਜਾਵੇ। ਚੰਗੇ ਵੇਲੇ ਨੂੰ ਬਾਬੂ ਟਾਈਮ ਸਿਰ ਘਰ ਆ ਗਿਆ ਤੇ ਉਸ ਹਰੀ ਚੰਦ ਚੋਰ ਬਾਰੇ ਦੱਸਿਆ, "ਹਰੀ ਚੰਦ ਬਹੁਤ ਬੀਬਾ ਮੁੰਡਾ ਆ। ਉਹਨੂੰ ਇਸ ਡਿਪਾਰਟਮੈਂਟ ਵਿਚ ਆਇਆਂ ਪੰਦਰਾਂ-ਸੋਲ੍ਹਾਂ ਸਾਲ ਹੋ ਗਏ ਆ। ਇਕ ਨਿੱਕੇ ਪੈਸੇ ਦੀ ਚੋਰੀ ਨ੍ਹੀਂ ਕੀਤੀ। ਟ੍ਰੈਫ਼ਿਕ ਮੈਨੇਜਰ ਉਸ ਦੀ ਏ.ਸੀ.ਆਰ. ਵੈਰੀ ਗੁੱਡ ਲਿਖਦਾ। ਪਤਾ ਨ੍ਹੀਂ ਕਿਹਨੇ ਉਹਦੀ 'ਚੋਰ' ਅੱਲ ਪਾ ਦਿੱਤੀ। ਇਕ ਵਾਰ ਸ਼ੁਰੂ ਹੋਈ ਮੁੜ ਉਸ ਦੇ ਗਲ ਹੀ ਪੈ ਗਈ। ਪਹਿਲਾਂ-ਪਹਿਲਾਂ ਉਹ ਗ਼ੁੱਸਾ ਕਰਦਾ ਸੀ। ਹੁਣ ਨ੍ਹੀਂ ਕਰਦਾ। ਤੁਸੀਂ ਐਵੇਂ ਡਰ ਗਏ। ਉਹ ਤਾਂ ਬਹੁਤ ਹੀ ਚੰਗਾ ਆ...।"

ਰੋਡਵੇਜ਼ ਤੇ ਪੁਲਿਸ ਦਾ ਮਹਿਕਮਾ ਬਹੁਤ ਬਦਨਾਮ ਹੈ। ਇਸ ਸੰਬੰਧੀ ਇਕ ਵਾਰ ਜਲੰਧਰ ਦੇ ਐੱਸ.ਐੱਸ.ਪੀ. ਨੇ ਵੀ 'ਰੋਡ ਸੇਫਟੀ ਵੀਕ' ਵੇਲੇ ਕਿਹਾ ਸੀ, "ਮੈਨੂੰ ਪਤਾ ਲੱਗਾ ਕਿ ਆਮ ਸ਼ਹਿਰੀ ਇਨ੍ਹਾਂ ਦੋਹਾਂ ਮਹਿਕਮਿਆਂ ਨੂੰ ਚੰਗਾ ਨ੍ਹੀਂ ਸਮਝਦੇ। ਪਰ ਮੈਂ ਦਾਅਵੇ ਨਾਲ ਕਹਿ ਸਕਦਾ ਆਂ ਕਿ ਸਾਡੇ ਦੋਹਾਂ ਮਹਿਕਮਿਆਂ ਕੋਲ ਚੰਗੇ ਤੇ ਈਮਾਨਦਾਰ ਕਰਮਚਾਰੀ ਨੇ। ਜੇ ਇਹ ਕੁਰਖਤ ਨਾ ਹੋਣ ਤਾਂ ਲੋਕ ਇਨ੍ਹਾਂ ਨੂੰ ਟਿਕਣ ਨਾ ਦੇਣ।" ਐੱਸ.ਐੱਸ.ਪੀ. ਦੀ ਗੱਲ ਠੀਕ ਸੀ। ਇਕ ਵਾਰ ਪ੍ਰਿੰਸੀਪਲ ਕਿਸੇ ਕੰਡਕਟਰ ਦੀ ਸ਼ਿਕਾਇਤ ਕਰਨ ਲਈ, ਕਿਸੇ ਜਨਰਲ ਮੈਨੇਜਰ ਕੋਲ ਗਈ ਕਿ ਕੰਡਕਟਰ ਸਾਰੀ ਵਾਟ ਗਾਲ੍ਹਾਂ ਕੱਢਦਾ ਰਿਹਾ ਸੀ। ਜਨਰਲ ਮੈਨੇਜਰ ਨੇ ਪ੍ਰਿੰਸੀਪਲ ਨੂੰ ਠੰਢਾ ਪਾਣੀ ਪਿਲਾਇਆ ਸੀ। ਉਸ ਨੂੰ ਕਿਹਾ ਸੀ ਕਿ ਉਹ ਕੰਡਕਟਰ ਦੀ ਲਿਖਤੀ ਸ਼ਿਕਾਇਤ ਕਰੇ। ਉਹ ਕੰਡਕਟਰ ਵਿਰੁੱਧ ਯੋਗ ਕਾਰਵਾਈ ਕਰੇਗਾ। ਪ੍ਰਿੰਸੀਪਲ ਨੇ ਲਿਖ ਦਿੱਤਾ। ਫੇਰ ਉਸ ਟ੍ਰੈਫ਼ਿਕ ਮੈਨੇਜਰ ਨੂੰ ਬੁਲਾਇਆ ਤੇ ਕਿਹਾ, "ਉਸ ਭੈਣ ਚੋਦ ਨੂੰ ਹੁਣੇ ਹੀ ਰੂਟ ਤੋਂ ਲਾਹ ਦਿਓ। ਮੇਰੇ ਸਾਹਮਣੇ ਪੇਸ਼ ਕਰੋ। ਮੈਂ ਉਸ ਹਰਾਮਜ਼ਾਦੇ ਨੂੰ ਦੱਸਦਾਂ ਕਿ ਪਿਉ ਵਾਲੀ ਨੌਕਰੀ ਕਿਵੇਂ ਕਰੀਦੀ ਆ।" ਪ੍ਰਿੰਸੀਪਲ ਨੇ ਬੁੱਲ੍ਹਾਂ 'ਚ ਹੱਸਦਿਆਂ ਹੋਇਆਂ, ਲਿਖੀ ਹੋਈ ਸ਼ਿਕਾਇਤ ਪਾੜ ਸੁੱਟੀ।

ਕਿਸੇ ਵੀ ਕਰਮਚਾਰੀ ਨੂੰ ਬੱਸਾਂ 'ਚ ਮੁਫ਼ਤ ਸਫ਼ਰ ਕਰਨ ਦੀ ਇਜਾਜ਼ਤ ਨਹੀਂ ਹੈ। ਇਹ ਤਾਂ ਭਾਈਚਾਰੇ ਵਜੋਂ ਹੀ ਸਟਾਫ਼ ਮੈਂਬਰ ਬਹਿ ਕੇ ਬੁੱਤਾ ਸਾਰ ਲਿਆ ਜਾਂਦਾ ਹੈ। ਇਸ ਸੰਬੰਧੀ ਨਾ ਤਾਂ ਕੋਈ ਕੰਡਕਟਰ ਜਾਂ ਇੰਸਪੈਕਟਰ ਉਜਰ ਕਰਦਾ ਹੈ, ਨਾ ਹੀ ਅਧਿਕਾਰੀ। ਬਸ 'ਸਟਾਫ਼ ਮੈਂਬਰ' ਕਹਿ ਕੇ ਬੁੱਤਾ ਸਰ ਜਾਂਦਾ ਹੈ। ਸਿਰਫ਼ ਸੀ.ਟੀ.ਯੂ. ਵਾਲੇ ਕਦੇ-ਕਦਾਈਂ ਆਕੜ ਜਾਂਦੇ ਹਨ। ਇਕ ਵਾਰ ਮੈਂ ਤੇ ਮਹਿੰਦਰ ਕੌਰ ਸੀ.ਟੀ.ਯੂ. ਬੱਸ 'ਚ ਚੰਡੀਗੜ੍ਹ ਜਾ ਰਹੇ ਸੀ। ਕੰਡਕਟਰ ਨੇ ਮੈਨੂੰ ਆਈ ਕਾਰਡ ਦਿਖਾਉਣ ਲਈ ਕਿਹਾ। ਆਈ ਕਾਰਡ ਦੇਖਣ ਉਪਰੰਤ ਟਿਕਟ ਲੈਣ ਲਈ ਕਿਹਾ। ਮਹਿੰਦਰ ਕੌਰ ਨੇ ਟਿਕਟ ਲੈ ਲਈ। ਮੈਂ ਫਗਵਾੜੇ ਉਤਰ ਗਿਆ। ਦੂਜੀ ਬੱਸ ਫੜ ਲਈ। ਕੁਝ ਦਿਨਾਂ ਬਾਅਦ ਚੰਡੀਗੜ੍ਹ 'ਚ ਅੱਧੀ ਛੁੱਟੀ ਹੋਈ। ਮੈਂ, ਜੱਸੀ ਤੇ ਛਿੰਦਾਂ ਛੱਤਬੀੜ ਚਿੜੀਆਘਰ ਦੇਖਣ ਗਏ। ਘੁੰਮਦੇ, ਫਿਰਦੇ, ਦੇਖਦੇ ਥੱਕ ਗਏ। ਮਨ ਚਾਹੁੰਦਾ ਸੀ ਕਿ ਕਿਤੇ ਵਧੀਆ ਜਿਹੀ ਚਾਹ ਮਿਲ ਜਾਵੇ। ਉਦੋਂ ਹੀ ਸੀ.ਟੀ.ਯੂ. ਦੀ ਬੱਸ ਆ ਗਈ। ਮੈਂ ਆਪਣੀ ਇੱਛਾ ਕੰਡਕਟਰ ਨਾਲ ਸਾਂਝੀ ਕੀਤੀ ਕਿ ਭਾਵੇਂ ਪੰਜਾਂ ਦੀ ਥਾਂ ਦਸ ਰੁਪਏ ਲੱਗ ਜਾਣ ਪਰ ਚਾਹ ਸੁਆਦਲੀ ਹੋਵੇ। ਛੱਤਬੀੜ ਤੋਂ ਅਗਲੇ ਸਟਾਪ 'ਤੇ ਕੰਡਕਟਰ ਨੇ ਬੱਸ ਰੋਕੀ। ਦੁਕਾਨਦਾਰ ਨੂੰ ਦੁੱਧ 'ਚ ਪੱਤੀ ਪਾਉਣ ਲਈ ਕਿਹਾ। ਵਾਕਿਆ ਹੀ ਚਾਹ, ਚਾਹ ਹੀ ਸੀ। ਮੈਂ ਤੇ ਜੱਸੀ ਨੇ ਬਥੇਰਾ ਜ਼ੋਰ ਲਾਇਆ ਕਿ ਪੰਜਾਂ ਕੱਪਾਂ ਦੇ ਪੈਸੇ ਅਸੀਂ ਦੇਵਾਂਗੇ ਪਰ ਕੰਡਕਟਰ ਨੇ ਇਕੋ ਗੱਲ ਕਹਿ ਕੇ ਸਾਡਾ ਮੂੰਹ ਬੰਦ ਕਰਵਾ ਦਿੱਤਾ, "ਮੈਂ ਤੁਹਾਡੇ ਕੋਲੋਂ ਪੈਸੇ ਲੈਂਦਾ ਚੰਗਾ ਲੱਗਦਾਂ।"

**